


# ਸਾਬਰੀ ਹੀਰ

ਬੇਅੰਤ ਬਰੀਵਾਲਾ

# ਸ਼ਾਪਰੀ ਟੀਰ

ਧੇਅੰਤ ਧਰੀਏਾਜ਼ਾ



ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com

# ਸਾਬਰੀ ਹੀਰ

## ਬੇਅੰਤ ਬਰੀਵਾਲਾ

INSTAGRAM: BEANTBARIWALA

E-MAIL : BEAN22G@GMAIL.COM

MOBILE NO. +91 9041847077

PDF EDITOR : GURIGURPREET498

PUBLISHED ON : 20 JULY 2024
©BEANT BARIWALA

WWW.PUNJABILIBRARY.COM

ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com

# ਕਹਾਣੀ ਦੇ ਬਾਰੇ 'ਚ

ਉਨਕੇ ਸਾਥ ਭੀ ਗੁਜ਼ਾਰੀ ਹਮਨੇ ਤਮਾਮ ਉਮਰ,
ਜਿਨਕੋ ਹਮ ਪਸੰਦ ਨਾ ਥੇ 'ਬਰੀਵਾਲੇ'
ਕਿਉਂਕਿ ਸਮਾਜ ਮੇਂ ਰਹਿਣਾ ਥਾ ਤੋ ਸਮਝੋਤੇ ਜ਼ਰੂਰੀ ਥੇ...

ਜ਼ਿੰਦਗੀ ਬੜੇ ਰੰਗ ਵਿਖਾਉਂਦੀ ਕਈ ਵਾਰ ਐਸਾ ਰੰਗ ਵੀ ਵਿਖਾ ਜਾਂਦੀ ਆ, ਜਿਸ ਰੰਗ ਦਾ ਨਾਂ ਵੀ ਨੀਂ ਪਤਾ ਹੁੰਦਾ,
ਕਿਉਂਕੇ ਬੰਦਾ ਸਾਰੀ ਉਮਰ ਜਾਣ ਹੀ ਨੀਂ ਪਾਉਂਦਾ ਕੇ ਉਹਦੇ ਮੱਥੇ ਤੇ ਵਿਹੋ ਮਾਤਾ ਨੇ ਕੀ ਲਿਖ ਕੇ ਭੇਜਿਆ |
ਕਈ ਵਾਰ ਪੱਤਣਾ ਦੇ ਤਾਰੂ ਛੱਪੜਾਂ ਚ ਡੁੱਬ ਕੇ ਮਰਦੇ ਵੇਖੇ ਆ ਮੈਂ ਤੇ ਰਾਜ ਭਾਗਾਂ ਦੇ ਮਾਲਕ ਬਾਜ਼ਾਰਾਂ ਚ ਭੀਖ ਮੰਗਦੇ |

ਸਾਨੂੰ ਲਗਦਾ ਤਕਦੀਰ ਸਾਡੀ ਜ਼ਿੰਦਗੀ ਨਾਲ ਕੱਠਪੁਤਲੀਆਂ ਵਾਲਾ ਖੇਡ ਖੇਡਦੀ ਰਹਿੰਦੀ ਆ ,, ਕਦੇ ਕੋਈ ਕਠਪੁਤਲੀ ਮੰਨ ਜਾਂਦੀ ਕਦੇ ਰੁੱਸ ਜਾਂਦੀ ਆ |
ਜੇ ਦੇਖਿਆ ਜਾਵੇ ਤਾਂ ਅਸੀਂ ਸਾਰੇ ਹੀ, ਸਮਾਜ ਦੇ ਹੱਥਾਂ ਦੀਆਂ ਕਠਪੁਤਲੀਆਂ ਹਾਂ ਬਿਲਕੁੱਲ ਓਦਾਂ ਦੀਆਂ ਜਿੱਦਾਂ ਦੀਆਂ ਤਮਾਸ਼ੇ ਵਾਲਾ ਭਾਈ ਨਿੱਕੇ ਹੁੰਦਿਆਂ ਸਾਡੇ ਸਕੂਲਾਂ ਚ ਲੈ ਕੇ ਆਉਂਦਾ
ਹੁੰਦਾ ਸੀ |

ਕੱਠਪੁਤਲੀ ਸ਼ਬਦ ਮੈਂ ਏਸ ਲਈ ਵਰਤਿਆ ਕਿਉਂਕੇ ਸਾਡੇ ਖੁਦ ਦੇ ਹੱਥ ਸਾਡੀ ਜ਼ਿੰਦਗੀ ਹੈ ਹੀ ਨਹੀਂ ਆ ਸਾਡੇ ਸਾਰੇ ਫੈਸਲੇ ਸਾਡਾ ਸਮਾਜ ਕਰਦਾ,, ਕੱਪੜਾ ਪਾ ਕੇ ਵੀ ਅਸੀਂ ਏਹੀ ਸੋਚਦੇ ਆਂ
ਕੀ ਇਹ ਲੋਕਾਂ ਨੂੰ ਪਸੰਦ ਆਊਗਾ?

ਲੋਕਾਂ ਨੂੰ ਬੁਰਾ ਤਾਂ ਨਾ ਲੱਗੂ?
ਕਿਸੇ ਇੱਕ ਦੇ ਆਉਣ ਨਾਲ ਸਾਡੀ ਜ਼ਿੰਦਗੀ ਚ ਬਹਾਰ ਆ ਜਾਂਦੀ ਆ,, ਉਹ ਜਾਣ ਵੇਲੇ ਕਰ ਜਾਂਦਾ ਸਾਡੀ ਜ਼ਿੰਦਗੀ ਨੂੰ ਝੱਖ਼ੜਾਂ ਚ ਝੰਬੇ ਰੁੱਖ ਵਾਂਗ ਤੇ ਝਾੜ ਜਾਂਦਾ ਸਾਡੀਆਂ ਉਮੀਦਾਂ ਦੇ ਅਣ ਪੱਕੇ ਫ਼ਲ ਸਾਡੇ ਸਜਾਏ ਸੁਪਨਿਆਂ ਦੀਆਂ ਟਾਹਣੀਆਂ ਤੋਂ....!!
ਕਿਉਂ?

ਕਿਉਂਕੇ ਸਾਡੇ ਫੈਸਲੇ ਸਾਡੀ ਜ਼ਿੰਦਗੀ ਨੂੰ ਲੋਕ ਤੈਅ ਕਰਦੇ ਆ,,
ਲੋਕਾਂ ਨੂੰ ਹੱਕ ਆ ਸਾਨੂੰ ਖੁਸ਼ ਕਰਨ ਦਾ, ਸਾਨੂੰ ਉਦਾਸ ਕਰਨ ਦਾ,, ਅਸਲ ਦੁੱਖ ਇਨਸਾਨ ਦਾ ਜਾਣਾ ਨੀਂ ਦਿੰਦਾ ਦੁੱਖ ਦਿੰਦੀਆਂ ਟੁੱਟੀਆਂ ਹੋਈਆਂ ਉਹ ਉਮੀਦਾਂ ਜੋ ਅਸੀਂ ਉਸ ਇਨਸਾਨ ਤੋਂ ਲਗਾਈਆਂ ਹੁੰਦੀਆਂ |
ਏਥੇ ਸਮਾਜ ਦੇ ਡਰ ਤੋਂ ਆਪਣੀ ਧੀ ਨੂੰ ਆਪਣੀ ਪਸੰਦ ਦਾ ਵਰ੍ਹ ਚੁਣਨ ਤੇ ਇੱਕ ਬਾਪ ਵੱਲੋਂ ਕਹਿ ਦਿੱਤਾ ਜਾਂਦਾ ਕੇ ਤੂੰ ਮਰਜੀ ਕਰਨੀ ਆ ਕਰ,ਪਰ ਪਹਿਲਾਂ ਮੈਨੂੰ ਤੇ ਤੇਰੀ ਮਾਂ ਤੇ ਤੇਰੇ ਵੀਰ ਨੂੰ ਜ਼ਹਿਰ ਦੇ ਜਾ |

ਏਹੀ ਸਮਾਜ ਘੁੱਟ ਦਿੰਦਾ ਕਿਸੇ ਨਿਰਦੋਸ਼ ਕੁੜੀ ਦਾ ਗਲਾ, ਤੇ ਸਮਾਜ ਨੂੰ ਖੁਸ਼ ਕਰਨ ਲਈ ਨਰੜ ਦਿੱਤਾ ਜਾਂਦਾ ਕਿਸੇ ਪਸ਼ੂ ਵਾਂਗ ਅਣਜਾਣ ਵਿਅਕਤੀ ਨਾਲ ਤੇ ਹੈਰਾਨੀ ਦੀ ਗੱਲ ਕਿਸੇ ਸਿਰ ਇੱਕ ਮਾਸੂਮ ਨੂੰ ਕਤਲ ਕਰਨ ਦਾ ਦੋਸ਼ ਵੀ ਨੀਂ ਲਗਦਾ!
ਕਿਉਂ? ਆਖ਼ਿਰ ਕਿਉਂ?
ਕਿਉਂਕੇ ਅਸੀਂ ਰਹਿਣਾ ਸਮਾਜ ਚ ਜਿੱਥੇ ਸਾਨੂੰ ਸਾਡੇ ਧੀਆਂ ਪੁੱਤਾਂ ਦੀਆਂ ਖੁਸ਼ੀਆਂ ਕੁਰਬਾਨ ਕਰਨੀਆਂ ਹੀ ਪੈਣ ਗੀਆਂ,, ਨਹੀਂ ਤਾਂ ਫ਼ੇਰ ਸਵਾਲਾਂ ਦੇ ਹਥੌੜੇ ਸਾਡੇ ਦਿਮਾਗ ਚ ਵੱਜਦੇ ਹੀ ਰਹਿਣਗੇ.....ਕੇ ਲੋਕ ਕੀ ਕਹਿਣਗੇ?

ਅਸੀਂ ਸਮਾਜ ਦੇ ਡਰ ਤੋਂ ਮੁੱਕਤ ਹੋ ਹੀ ਨੀਂ ਸਕਦੇ ਕਿਉਂਕੇ ਸਾਡੇ ਸਾਰੇ ਪਾਸੇ ਇੱਕ ਐਸਾ ਜਾਲ ਵਿਛਾ ਦਿੱਤਾ ਸਮਾਜ ਨੇ ਜਿਸ ਵਿੱਚ ਅਸੀਂ ਪੰਛੀ ਵਾਂਗ ਫਸ ਗਏ ਹਾਂ,, ਜੇ ਕਿਸੇ ਨੇ ਇਹ

ਸਮਾਜਿਕ ਤਾਣੇ ਬਾਣੇ ਦੇ ਵਿਰੁੱਧ ਅਵਾਜ਼ ਉੱਠਾਈ ਉਹਨੂੰ ਬਾਗੀ ਕਹਿ ਦਿੱਤਾ ਗਿਆ |

ਕਿਉਂ ਕੇ ਸਮਾਜ ਦੇ ਬੰਧਨਾ ਤੋਂ ਮੁੱਕਤ ਹੋਣ ਦੇ ਦੋ ਰਾਹ ਹਨ
ਇੱਕ ਬਗਾਵਤ ਤੇ ਦੂਜਾ ਮੋਨ...

ਬਗਾਵਤ ਬਿਲਕੁੱਲ ਓਦਾਂ ਦੀ ਜਿੱਦਾਂ ਦੀ 1487 ਚ ਬਟਾਲੇ ਚ ਉੱਠੀ ਸੀ ਕਲਯੁੱਗ ਦੇ ਅਵਤਾਰ ਵੱਲੋਂਕੇ ਮੈਂ ਏਸ ਅੱਗ ਦੁਆਲੇ ਫ਼ੇਰੇ ਨਹੀਂ ਲਵਾਂਗਾ, ਕਿਉਂਕੇ ਮੈਨੂੰ 7ਜਨਮਾਂ ਦੇ ਕਰਮਕਾਂਡੀ ਸਾਥ ਨਹੀਂ ਚਾਹੀਦੇ ਜਨਮ ਤਾਂ ਇੱਕੋ ਬਹੁਤ ਹੁੰਦਾ ਜੇ ਜੀਅ ਲਿਆ ਹੋਵੇ ਜੇ ਇਹ ਜਨਮ ਉਹਦੇ ਲੇਖੇ ਲਾ ਦਿੱਤਾ ਹੋਵੇ,,,
ਜਾਂ ਉਹ ਬਗਾਵਤ ਦੀ ਅਵਾਜ਼ ਜੋ 29 ਮਾਰਚ 1699 ਨੂੰ ਵਿਸਾਖੀ ਵਾਲੇ ਦਿਨ ਜਾਤਾਂ ਪਾਤਾਂ ਦੇ ਵਿਰੁੱਧ ਉੱਠੀ ਸੀ ਸਭ ਨੂੰ ਇੱਕ ਕਰਨ ਲਈ,,|

ਪਰ ਬਗਾਵਤੀ ਅਵਾਜ਼ਾਂ ਨੂੰ ਬਹੁਤ ਵਿਰੋਧ ਦਾ ਸਾਹਮਣਾ ਕਰਨਾ ਪਿਆ ਅਖੌਤੀ ਸਮਾਜ ਤੇ ਹਕੂਮਤਾਂ ਦਾ ||
ਦੂਜਾ ਰਾਹ ਹੁੰਦਾ ਮੋਨ,, ਮਤਲਬ ਉਦਾਸੀ ਸਾਧੂਆਂ ਦਾ ਰਾਹ... ਜਿਸ ਤੇ ਤੁਰ ਕੇ ਦੁਨੀਆਂ ਨਾਲੋਂ ਬਿਲਕੁੱਲ ਹੀ ਰਿਸ਼ਤਾ ਤੋੜ ਦਿਓ,ਜਿਸਦੇ ਮੁੱਕ ਜਾਂਦੀ ਆ
ਕਿਉਂ,
ਕਾਹਤੋਂ
ਕਿਵੇਂ
ਕਿਸੇ ਦੇ ਆਉਣ ਜਾਣ ਨਾਲ ਕੋਈ ਫਰਕ ਨੀਂ ਪੈਂਦਾ,ਇਸ ਤੇ ਕੋਈ ਤੁਹਾਡਾ ਵਿਰੋਧ ਨਹੀਂ ਕਰੇਗਾ |

ਇਹ ਵੀ ਕਹਾਣੀ ਆ ਇਹਨਾਂ ਚੋਂ ਇੱਕ ਰਾਹ ਚੁਣਨ ਵਾਲੀ ਕੁੜੀ ਦੀ...|

ਕਿਉਂਕੇ...!
ਹਰ ਕੋਈ ਵੇਖਦਾ ਜ਼ਿੰਦਗੀ ਦੇ ਸੁਨਿਹਰੀ ਭਵਿੱਖ ਦੇ ਸੁਪਨੇ ,ਪਰ ਕਈ ਵਾਰ ਕਿਸੇ ਦੇ ਸੁਪਨੇ ਟੁੱਟ ਵੀ ਜਾਂਦੇ ਆ,,

ਇੱਕ ਕੁੜੀ ਦੀ ਕਹਾਣੀ ਜਿਸਦੀ ਜ਼ਿੰਦਗੀ ਦੇ ਫੈਸਲੇ ਵੀ ਸਮਾਜ ਤੋਂ ਡਰ ਕੇ ਕੀਤੇ ਗਏ ਜਿਸਦੇ ਸੁਪਨੇ ਵੇਚ ਦਿੱਤੇ ਗਏ ਦਲਾਲਾਂ ਨੂੰ |
ਇੱਕ ਭੋਲੀ ਭਾਲੀ ਕੁੜੀ ਦਾ ਸਾਬਰੀ ਤੋਂ ਹੀਰ ਤੇ ਹੀਰ ਤੋਂ ਭਿਕਸ਼ੂ ਬਣਨ ਤੱਕ ਦਾ ਸਫ਼ਰ.....||

# ਸਾਬਰੀ ਹੀਰ

ਸਵੇਰੇ ਸੂਰਜ ਦੀ ਪਹਿਲੀ ਕਿਰਨ ਮੂੰਹ ਤੇ ਪੈਣ ਨਾਲ ਜਮੀਨ ਤੇ ਲੇਟੀ ਸਾਬਰੀ ਨੇ ਅੱਖ ਖੋਲੀ ,,ਜੋ ਸਿਰਹਾਣੇ ਆਪਣੀ ਬਗਲੀ ਤੇ ਛੱਤਰੀ ਰੱਖ ਉਹਦਾ ਸਿਰਹਾਣਾ ਲਾ ਕੇ ਦਲਾਈ ਲਾਮਾ ਦੇ ਮੱਠ ਮੈਕਲੋਡਗੰਜ ਦੀ ਫਰਸ਼ ਤੇ ਸੁੱਤੀ ਪਈ ਸੀ |

ਓਹਨੇ ਬੈਠ ਦਿਆਂ ਹੋਇਆਂ ਆਪਣਾ ਭਗਵਾਂ ਚੋਲਾ ਝਾੜ੍ਹਿਆ ਜੋ ਚੋਲਾ ਅਕਸਰ ਹੀ ਤੁਸੀਂ ਭਿਕਸ਼ੂਆਂ ਦੇ ਪਾਇਆ ਦੇਖਿਆ ਹੋਊਗਾ ਭਗਵੇਂ ਰੰਗ ਦਾ |

ਫ਼ੇਰ ਓਹਨੇ ਦੋਵੇਂ ਹੱਥਾਂ ਦੀਆਂ ਉਂਗਲਾਂ ਚ ਉਂਗਲਾਂ ਫਸਾ ਕੇ ਉੱਪਰ ਵੱਲ ਤਲੀਆਂ ਕਰਕੇ ਬਾਹਵਾਂ ਨੂੰ ਉੱਪਰ ਵੱਲ ਖਿੱਚਦਿਆਂ ਇੱਕ ਅੰਗੜਾਈ ਲਈ ਤੇ ਉੱਠ ਕੇ ਖੜੀ ਹੋ ਗਈ |ਪਹਿਲਾਂ ਓਹਨੇ ਇੱਕ ਇੱਕ ਕਰਕੇ ਸਾਰੇ ਮਾਨੇ
(prayer wheel ) ਘੁਮਾਏ |

(ਮਾਨੇ ਹੁੰਦੇ ਆ ਬੋਧੀ ਮੰਦਰਾਂ ਚ ਲਗੇ ਵਹੀਲ ਜੋ ਸਿਲੰਡਰ ਵਾਂਗ ਹੁੰਦੇ ਆ,ਜਿਸਨੂੰ ਸੱਜੇ ਤੋਂ ਖੱਬੇ,,,ਹੱਥ ਨਾਲ ਦੁੱਖਾਂ ਪਾਪਾਂ ਤੋਂ ਮੁਕਤੀ ਲਈ ਘੁਮਾਇਆ ਜਾਂਦਾ ਜਿੰਨ੍ਹਾਂ ਦੇ ਉੱਪਰ ਰੰਜਨਾ ਲਿੱਪੀ ਜਾਂ ਤਿੱਬਤੀ ਲਿੱਪੀ ਚ ਮੰਤਰ ਲਿਖਿਆ ਹੁੰਦਾ "ਓਮ ਮਨੀ ਪਦਮੇ ਹਮ ”)
ਫ਼ੇਰ ਸਾਬਰੀ ਮੱਠ ਦੀ ਕੰਧ ਤੋਂ ਮੈਕਲੋਡਗੰਜ ਦੀ ਖੂਬਸੂਰਤੀ ਵੇਖਣ ਲੱਗੀ |
ਜਿਸ ਦੇ ਵਹਿੰਦੇ ਝਰਨੇ ਅੱਗੇ ਵਧਣ ਦਾ ਸੰਦੇਸ਼ ਦੇ ਰਹੇ ਸੀ,,ਉੱਚੇ ਉੱਚੇ ਚੀਲ ਦੇ ਰੁੱਖ ਪੌਣਾ ਸੰਗ ਝੂਮ ਰਹੇ ਸਨ |
ਸਮੁੰਦਰੀ ਤਲ ਤੋਂ 2082 ਮੀਟਰ ਉਚਾਈ ਤੇ ਵਸਿਆ ਹਿਮਾਚਲ ਪ੍ਰਦੇਸ਼ ਦੇ ਕਾਂਗੜਾ ਜ਼ਿਲ੍ਹੇ ਦਾ ਸ਼ਹਿਰ ਮੈਕਲੋਡਗੰਜ ਜਿਸਨੂੰ ਮਿੰਨੀ ਲਾਹਸਾ ਵੀ ਕਹਿੰਦੇ ਆ |

(ਸ਼ਹਿਰ ਬਾਰੇ ਕੁੱਝ ਜਾਣਕਾਰੀ ਸਾਂਝੀ ਕਰ ਲਈਏ ਤਾਂ ਕੇ ਕੋਈ ਸਵਾਲ ਮਨ ਚ ਨਾ ਰਹੇ )

ਕਿਉਂਕੇ ਬੁੱਧੀਸ਼ ਲੋਕਾਂ ਦਾ ਮੇਨ ਸ਼ਹਿਰ ਤਿੱਬਤ ਆ ਜਿਸ ਦੀ ਰਾਜਧਾਨੀ ਆ ਲਾਹਸਾ |

ਜਦ ਚੀਨ ਨੇ ਤਿੱਬਤ ਤੇ ਕਬਜ਼ਾ ਕੀਤਾ ਤਾਂ ਤਿੱਬਤ ਨੂੰ ਚੀਨ ਤੋਂ ਆਜ਼ਾਦ ਕਰਾਵਾਉਣ ਲਈ ਦਲਾਈ ਲਾਮਾ ਨੇ ਚੀਨ ਦੇ ਉਸ ਵਕ਼ਤ ਦੇ ਸ਼ਾਸਕ ਮਾਊ-ਜੇ-ਤੁੰਗ ਦੇ ਖਿਲਾਫ ਮੁਹਿੰਮ ਛੇੜ ਦਿੱਤੀ | ਅਮਰੀਕਾ ਦਲਾਈ ਲਾਮਾ ਦੀ ਪਿੱਠ ਤੇ ਖੜ੍ਹਾ ਹੋ ਗਿਆ | ਚੀਨ ਸਰਕਾਰ ਹੁਣ ਕਿਸੇ ਵੀ ਕੀਮਤ ਤੇ ਦਲਾਈ ਲਾਮਾ ਨੂੰ ਮਾਰਨਾ ਚਾਹੁੰਦੀ ਸੀ | ਪਰ ਦਲਾਈ ਲਾਮਾ 31 ਮਾਰਚ 1959 ਨੂੰ ਆਪਣੇ 1 ਲੱਖ ਪੈਰੋਕਾਰ ਸਮੇਤ ਭਾਰਤ ਆ ਗਿਆ | ਜਿਸਨੂੰ ਉਸ ਵਕ਼ਤ ਦੀ ਨਹਿਰੂ ਸਰਕਾਰ ਨੇ ਮੈਕਲੋਡਗੰਜ ਚ ਸ਼ਰਨ ਦੇ ਦਿੱਤੀ |

ਚੀਨ ਨੇ ਭਾਰਤ ਤੋਂ ਦਲਾਈ ਲਾਮਾ ਵਾਪਸ ਮੰਗਿਆ ਪਰ ਭਾਰਤ ਸਰਕਾਰ ਵਾਪਸ ਨਹੀਂ ਕੀਤਾ,, ਕਿਤੇ ਨਾ ਕਿਤੇ ਇਹ ਕਾਰਨ ਵੀ ਸੀ 1962 ਦੀ ਭਾਰਤ ਚੀਨ ਜੰਗ ਲੱਗੀ ਸੀ ਜੋ ਤੁਸੀਂ ਸੂਬੇਦਾਰ ਜੋਗਿੰਦਰ ਸਿੰਘ ਫ਼ਿਲਮ ਚ ਦੇਖੀ ਹੋਣੀ ਆ,,ਇਹ ਸੀ ਖ਼ੂਬਸੂਰਤ ਮੈਕਲੋਡਗੰਜ ਵਸਣ ਦੀ ਕਹਾਣੀ..|

ਸਾਬਰੀ ਨੇ ਆਪਣੀ ਬਗਲੀ (ਸਾਡੇ ਮਾਲਵੇ ਚ ਬਗਲੀ ਸ਼ਬਦ ਹੀਂ ਵਰਤਿਆ ਜਾਂਦਾ ) ਤੇ ਛੱਤਰੀ ਚੁੱਕੀ ਤੇ ਕੁੱਝ ਮੰਗਣ ਲਈ ਬਜ਼ਾਰ ਵੱਲ ਨਿੱਕਲ ਗਈ | ਪਹਿਲਾ ਓਹਨੇ ਕਿਸੇ ਡਿੱਗ ਰਹੇ ਝੱਰਨੇ ਤੇ ਖੜ ਕੇ ਬੁਰਸ਼ ਕੀਤਾ ਫ਼ੇਰ ਮੂੰਹ ਹੱਥ ਧੋਤਾ ਸਿਰ ਤੇ ਓਹਨੇ ਉਸਤਰਾ ਲਵਾਇਆ ਹੋਇਆ ਸੀ ਕਿਉਂਕੇ ਭਿਕਸ਼ੂ ਬਣਨ ਲਈ ਇਹ ਜ਼ਰੂਰੀ ਹੁੰਦਾ |

ਫ਼ੇਰ ਓਹਨੇ ਹੋਲੀ ਹੋਲੀ ਦੁਕਾਨਾਂ ਤੇ ਮੰਗਣਾ ਸ਼ੁਰੂ ਕੀਤਾ |
ਉਹ ਇੱਕ ਦੁਕਾਨ ਚ ਬੈਠ ਕੇ ਚਾਹ ਪੀਅ ਰਹੀ ਸੀ ਕੇ ਇੱਕ ਭਿਕਸ਼ੂ ਬੱਚਾ ਉਸ ਕੋਲ ਆਇਆ ਤੇ ਆ ਕੇ ਬੋਲਿਆ... ਸਾਬਰੀ ਜੀ ਆਪ ਸੇ ਕੋਈ ਮਿਲਣੇ ਆਇਆ ਹੈ |

ਸਾਬਰੀ ਹੈਰਾਨ ਸੀ ਕੇ ਅਚਾਨਕ 6 ਸਾਲ ਬਾਅਦ ਕੌਣ ਆ ਸਕਦਾ ਉਸ ਨੂੰ ਮਿਲਣ ਕਿਉਂਕੇ ਦੁਨੀਆਂ ਨਾਲੋਂ ਤਾਂ ਸਾਰੇ ਰਿਸ਼ਤੇ ਉਹ ਪਹਿਲਾਂ ਹੀਂ ਤੋੜ ਚੁੱਕੀ ਸੀ |

ਆਖ਼ਰੀ ਰਿਸ਼ਤਾ ਰਾਹੁਲ ਨਾਲ ਸੀ ਉਹ ਵੀ ਪੰਜ ਸਾਲ ਪਹਿਲਾਂ ਖ਼ਤਮ ਹੋ ਗਿਆ ਸੀ,,ਉਸ ਤੋਂ ਬਾਅਦ ਅਪਣਾ ਲਿਆ ਸੀ ਓਹਨੇ ਸੰਸਾਰ ਤੋਂ ਨਿਰੰਕਾਰ ਦਾ ਰਾਹ |

ਫ਼ੇਰ ਵੀ ਓਹਨੇ ਓਸ ਬੱਚੇ ਨੂੰ ਪੁੱਛਿਆ,, ਕੌਣ ਹੈ ਵੋਹ?

ਉਹ ਭਿਕਸ਼ੂ ਬੱਚਾ ਆਪਣੀਆਂ ਨਿੱਕੀਆਂ ਨਿੱਕੀਆਂ ਥੋੜੀਆਂ ਥੋੜੀਆਂ ਖੁੱਲੀਆਂ ਅੱਖਾਂ ਨੂੰ ਹੋਰ ਮੀਚਦਾ ਬੋਲਿਆ, ਪਤਾ ਨਹੀਂ ! ਪਹਿਲੇ ਮੱਠ ਮੇਂ ਆਇਆ ਥਾ ਆਪਕੇ ਬਾਰੇ ਮੇਂ ਪੂਛ ਰਹਾ ਥਾ ਮੈਂ ਉਸਕਾ ਯਹਾਂ ਲੇ ਆਇਆ |

ਠੀਕ ਆ ਆਪ ਜਾਓ ਮੈਂ ਦੇਖਤੀ ਹੂੰ,, ਸਾਬਰੀ ਓਸ ਬੱਚੇ ਨੂੰ ਜਾਣ ਦਾ ਇਸ਼ਾਰਾ ਕਰਦੀ ਬੋਲੀ |

ਜਦ ਸਾਬਰੀ ਨੇ ਦੁਕਾਨ ਤੋਂ ਬਾਹਰ ਆ ਕੇ ਦੇਖਿਆ ਸੜਕ ਦੇ ਦੂਜੇ ਪਾਸੇ ਬਿਲਕੁੱਲ ਸਾਹਮਣੇ ਅਰਮਾਨ ਖੜ੍ਹਾ ਸੀ |

ਸਾਬਰੀ ਨੂੰ ਦੇਖ ਅਰਮਾਨ ਦੇ ਚਿਹਰੇ ਤੇ ਖੁਸ਼ੀ ਆ ਗਈ ਓਹਨੇ ਭੱਜ ਕੇ ਆ ਕੇ ਸਾਬਰੀ ਨੂੰ ਗਲ ਲਾਉਣ ਦੀ ਕੋਸ਼ਿਸ ਕੀਤੀ |

ਪਰ ਸਾਬਰੀ ਨੇ ਨੀਵੀਂ ਪਾਇਆਂ ਹੀ ਸੱਜੇ ਹੱਥ ਦਾ ਪੰਜਾਂ ਖੋਲ ਕੇ ਅਰਮਾਨ ਦੀ ਛਾਤੀ ਤੇ ਰੱਖਦਿਆਂ ਉਸਨੂੰ ਪਿੱਛੇ ਧੱਕ ਦਿੱਤਾ ਫ਼ੇਰ ਮੁੱਠੀ ਬੰਦ ਕਰਦੀ ਅੰਗੂਠੇ ਦੇ ਨਾਲ ਵਾਲੀ ਉਂਗਲ ਖੜੀ ਕਰਕੇ ਸਿਰ ਉੱਪਰ ਚੱਕਦੀ ਅਰਮਾਨ ਦੀਆਂ ਅੱਖਾਂ ਚ ਅੱਖਾਂ ਪਾ ਕੇ ਉਂਗਲ ਨੂੰ ਸੱਜੇ

ਖੱਬੇ ਹਿਲਾਉਂਦਿਆਂ ਬੋਲੀ

ਨਾ ਅਰਮਾਨ ਨਾ, ਹੁਣ ਨੀਂ,,

ਹੁਣ ਮੈਂ ਤੇਰੇ ਸਮਾਜ ਤੋਂ ਬਹੁਤ ਅੱਗੇ ਨਿੱਕਲ ਚੁੱਕੀ ਹਾਂ, ਤੇਰਾ ਓਹੀ ਸਮਾਜ ਜਿਸ ਕਰਕੇ ਤੂੰ ਛੱਡਿਆ ਸੀ ਮੈਨੂੰ, ਮੈਂ ਬੜਾ ਚਿਰ ਉਡੀਕ ਕੀਤੀ ਸੀ ਤੇਰੀ |

ਪਰ ਅਫਸੋਸ਼ ਤੂੰ ਆਉਣ ਵਿੱਚ ਬਹੁਤ ਦੇਰ ਕਰ ਦਿੱਤੀ...ਤਿਆਗ ਦਿੱਤਾ ਤੇਰੇ ਉਸ ਸਮਾਜ ਨੂੰ ਮੈਂ |

ਪਰ ਸਾਬਰੀ ਮੈਂ ਤੈਨੂੰ ਬਹੁਤ ਲੱਭਿਆ,, ਤੂੰ ਯਕੀਨ ਕਰ ਮੈਂ ਕਸ਼ਮੀਰ ਤੋਂ ਕੰਨਿਆ ਕੁਮਾਰੀ ਤੱਕ ਹਰ ਜਗ੍ਹਾ ਲੱਭਿਆ ਤੈਨੂੰ ਪਰ ਤੂੰ ਮੈਨੂੰ ਕਿਤੇ ਨੀਂ ਮਿਲੀ,,

ਨਾਲੇ ਤੂੰ ਆਹ ਕੀ ਹਾਲ ਬਣਾ ਰੱਖਿਆ ਗਲ ਚ ਮਾਲਾ ਤੇ ਸਿਰ ਤੇ ਉਸਤਰਾ ਭਗਵਾਂ ਚੋਲਾ ਇਹ ਸਭ ਕੀ ਆ ਸਾਬਰੀ??

ਚੱਲ ਮੇਰੇ ਨਾਲ ਮੈਂ ਹੁਣ ਤੈਨੂੰ ਏਥੇ ਨੀਂ ਰਹਿਣ ਦੇਣਾ, ਅਰਮਾਨ ਇੱਕੋ ਸਾਹ ਚ ਸਭ ਕੁੱਝ ਬੋਲ ਗਿਆ |

ਸਾਬਰੀ ਹੈਰਾਨੀ ਭਰੀਆਂ ਨਿਗ੍ਹਾਵਾਂ ਨਾਲ ਅਰਮਾਨ ਨੂੰ ਦੇਖ ਰਹੀ ਸੀ ਫ਼ੇਰ ਬੜੇ ਸਹਿਜ ਭਰੇ ਲਹਿਜੇ ਨਾਲ ਬੋਲੀ..ਅਰਮਾਨ ਬੱਚਿਆਂ ਵਾਲੀ ਜਿੱਦ ਨੀਂ ਕਰੀ ਦੀ ਨਾਲੇ ਤੈਨੂੰ ਵੀ ਪਤਾ ਕਿਵੇਂ ਨਿਕਲੀ ਸੀ ਤੇਰੇ ਘਰੋਂ ਤਾਰਿਆਂ ਦੀ ਛਾਵੇਂ ਨਾਲੇ ਪਤਾ ਸੀ ਤੈਨੂੰ ਕੇ ਮੇਰੀ ਕੁੱਖ......... ਇਸ ਤੋਂ ਅੱਗੇ ਉਸ ਤੋਂ ਬੋਲਿਆ ਨਾ ਗਿਆ ਉਹਦਾ ਗੱਚ ਭਰ ਆਇਆ ਬੇਸ਼ੱਕ ਉਹ ਦੁਨੀਆਂ ਦਾ ਮੋਹ ਤਿਆਗ ਚੁੱਕੀ ਸੀ ਪਰ ਰਾਹੁਲ ਨੂੰ ਯਾਦ ਕਰ ਫ਼ੇਰ ਵੀ ਓਹਦੀਆਂ ਅੱਖਾਂ ਚ ਪਾਣੀ ਭਰ ਗਿਆ ਸੀ |

ਪਰ ਸਾਬਰੀ, ਹੁਣ ਮੰਮੀ ਡੈਡੀ ਆਵਦੀ ਗਲਤੀ ਮੰਨ ਚੁੱਕੇ ਆ,, ਮੈਂ ਓਹਨਾਂ ਨੂੰ ਮਨਾ ਲਿਆ,, ਨਾਲੇ ਮੇਰੇ ਨਾਲ ਸਾਬਰੀ ਤੈਨੂੰ ਕਾਹਦਾ ਗੁੱਸਾ ? ਮੈਂ ਤਾਂ ਕੁੱਝ ਵੀ ਨਹੀਂ ਸੀ ਬੋਲਿਆ ਤੈਨੂੰ!

ਮੈਂ ਜਿਸ ਮਾਰਗ ਤੇ ਤੁਰੀ ਆਂ ਅਰਮਾਨ ਇਸ ਮਾਰਗ ਤੇ ਗੁੱਸਾ ਨੀਂ ਆਉਂਦਾ ਬੱਸ ਸਭ ਦਾ ਭਲਾ ਮੰਗਿਆ ਜਾਂਦਾ ਜਾਹ ਤੇਰਾ ਵੀ ਭਲਾ ਹੋਵੇ,,, ਹਾਂ ਮੈਨੂੰ ਤੇਰੇ ਨਾ ਬੋਲਣ ਤੇ ਗੁੱਸਾ ਨਹੀਂ ਪਰ ਅਫਸੋਸ਼ ਜ਼ਰੂਰ ਆ ਅਰਮਾਨ,,

ਵੇ ਤੂੰ ਉਸ ਵੇਲੇ ਵੀ ਚੁੱਪ ਰਿਹਾ ਜਦ ਮੈਂ ਤੇਰੇ ਇੱਕ ਬੋਲ ਦੀ ਉਡੀਕ ਚ ਖੜੀ ਸੀ,,|

ਪਰ ਅਫਸੋਸ਼ ਕੇ ਤੂੰ ਖਾਮੋਸ਼ ਰਿਹਾ ਤੈਨੂੰ ਡਰ ਸੀ ਕੇ ਲੋਕ ਕੀ ਕਹਿਣਗੇ,, ਤੇਰੇ ਹਾਅ ਦਾ ਨਾਹਰਾ ਮਾਰਨ ਨਾਲ ਮੇਰੀ ਕਿਸਮਤ ਬਦਲ ਤਾਂ ਨੀਂ ਸੀ ਜਾਣੀ ਜੋ ਮੇਰੇ ਮੱਥੇ ਵਿਹੋ ਮਾਤਾ ਨੇ ਲਿਖਿਆ ਸੀ ਉਹ ਵਾਪਰ ਕੇ ਹੀ ਰਹਿਣਾ ਸੀ ਪਰ ਦਿਲ ਨੂੰ ਤਸੱਲੀ ਹੋ ਜਾਣੀ ਸੀ ਕੇ ਕੋਈ ਤਾਂ ਹੈ ਇਸ ਸਮਾਜ ਅੰਦਰ ਜੋ ਮੇਰੇ ਹੱਕ ਚ ਖੜ੍ਹਾ,, ਪਰ ਤੂੰ ਵੀ ਡਰ ਗਿਆ ਸੀ ਨਾ ਸਮਾਜ ਕੋਲੋਂ, ਤੇ ਤਾਂ ਹੀ ਫੈਸਲਾ ਨਹੀਂ ਸੀ ਕਰ ਸਕਿਆ ਸਮਾਜ ਨੂੰ ਰੱਖਾਂ ਜਾਂ ਸਾਬਰੀ ਨੂੰ... ਸੌਰੀ ਸੌਰੀ ਸਾਬਰੀ ਨਹੀਂ,, ਸਾਬਰੀ ਹੀਰ..ਏਹੀ ਨਾਂ ਦਿੱਤਾ ਸੀ ਨਾ ਤੁਸੀਂ |

ਦੇਖ ਅਰਮਾਨ ਮੈਂ ਤਿਆਗ ਦਿੱਤਾ ਤੇਰਾ ਸਮਾਜ, ਹੁਣ ਮੈਨੂੰ ਕੋਈ ਫਰਕ ਹੀ ਨੀਂ ਪੈਂਦਾ ਤੇਰੇ ਸਮਾਜ ਦੇ ਕੁੱਝ ਕਹਿਣ ਨਾਲ..ਮੁੱਕ ਗਿਆ ਮੇਰਾ ਕੁੱਝ ਪਾਉਣ ਤੇ ਗਵਾਉਣ ਦਾ ਡਰ, ਤੈਨੂੰ ਪਤਾ ਅਰਮਾਨ ਇਨਸਾਨ ਕਦੋਂ ਦੁਖੀ ਹੁੰਦਾ?

ਨਹੀਂ ਸਾਬਰੀ ਮੈਨੂੰ ਨੀਂ ਪਤਾ, ਅਰਮਾਨ ਭਰੀਆਂ ਅੱਖਾਂ ਨਾਲ ਬੋਲਿਆ.|

ਇਨਸਾਨ ਦੁਖੀ ਹੁੰਦਾ ਜਦੋਂ ਉਹਨੂੰ ਕਿਸੇ ਚੀਜ਼ ਦੀ ਚਾਹਤ ਹੋਵੇ ਤੇ ਉਹ ਚੀਜ਼ ਉਹਨੂੰ ਨਾ ਮਿਲੇ ਤਾਂ ਦੁਖੀ,,ਜੇ ਮਿਲ ਜਾਵੇ ਸੁਖੀ ਉਹ ਫ਼ੇਰ ਵੀ ਨਹੀਂ ਹੁੰਦਾ ਪਤਾ ਕਿਉਂ?

ਕਿਉਂਕੇ ਫ਼ੇਰ ਉਹਨੂੰ ਡਰ ਸਤਾਉਣ ਲੱਗ ਜਾਂਦਾ ਕੇ ਇਹ ਮਿਲੀ ਚੀਜ਼ ਉਹਦੇ ਤੋਂ ਗੁਵਾਚ ਨਾ ਜਾਵੇ.. ਪਰ ਮੋਕਸ਼ ਦਾ ਰਾਹ ਇੱਕ ਐਸਾ ਰਾਹ ਜੋ ਤੁਹਾਡੇ ਦੁਖੀ ਹੋਣ ਦੇ ਸਾਰੇ ਕਾਰਨ ਖ਼ਤਮ

ਕਰ ਦਿੰਦਾ |

ਪਰ ਸਾਬਰੀ ਮੈਨੂੰ ਕਿਸ ਗੱਲ ਦੀ ਸਜ਼ਾ ਦੇ ਰਹੀਂ ਏ? ਅਰਮਾਨ ਹੱਥ ਜੋੜਦਾ ਬੋਲਿਆ |

ਅਰਮਾਨ ਮੈਂ ਕਿਸੇ ਨੂੰ ਕੋਈ ਸਜ਼ਾ ਨਹੀਂ ਦੇ ਰਹੀ, ਨਾ ਕੋਈ ਮੈਨੂੰ ਗੁੱਸਾ ਤੇਰੇ ਨਾਲ,,ਬੱਸ ਇੱਕ ਅਫਸੋਸ ਜ਼ਰੂਰ ਆ ਕੇ ਤੂੰ ਤਾਂ ਮੈਨੂੰ ਕਾਲਜ ਟਾਈਮ ਤੋਂ ਪਿਆਰ ਕਰਦਾ ਸੀ । ਚੰਦਰਿਆ ਘੱਟੋ ਘੱਟ ਤੂੰ ਤਾਂ ਸਮਝ ਲੈਂਦਾ ਮੈਨੂੰ,, ਇੱਕ ਵਾਰੀ ਸਿਰਫ਼ ਇੱਕ ਵਾਰੀ ਮੇਰਾ ਹੱਥ ਫੜਕੇ ਸਮਾਜ ਦੇ ਸਾਹਮਣੇ ਖੜ ਜਾਂਦਾ ਤੇਰੇ ਲਈ ਸਾਰੇ ਸਮਾਜ ਨਾਲ ਲੜ ਜਾਂਦੀ ਮੈਂ ।

ਚੱਲ ਛੱਡ ਜੋ ਬੀਤ ਹੀ ਗਿਆ ਉਸ ਤੇ ਪਛਤਾਉਣ ਦਾ ਕੀ ਫਾਇਦਾ ਅਰਮਾਨ,,, ਚੱਲ ਰੱਬ ਰਾਖਾ ਤੇ ਦੁਬਾਰਾ ਮੈਨੂੰ ਲੱਭਣ ਨਾ ਆਵੀਂ ਮੈਂ ਤੈਨੂੰ ਏਥੇ ਮਿਲਾਂਗੀ ਨਹੀਂ...

ਠੀਕ ਆ ਸਾਬਰੀ ਕਦੇ ਨਹੀਂ ਆਵਾਂਗਾ ਪਰ ਤੇਰਾ ਬੱਚਾ ਜਿਸਨੂੰ ਤੂੰ ਜਨਮ ਦੇਣ ਵਾਲੀ ਸੀ ਕੀ ਉਸ ਨਾਲ ਮਿਲਾ ਸਕਦੀ ਏ ?ਅਰਮਾਨ ਨੇ ਇੱਕ ਤਰਲਾ ਕੀਤਾ..|

ਉਹ ਤਾਂ ਅਰਮਾਨ ਜਿਸ ਨੇ ਦਿੱਤਾ ਸੀ ਉਸੇ ਨੇ ਵਾਪਸ ਲੈ ਲਿਆ, ਉਹਦੀ ਅਮਾਨਤ ਸੀ ਮੈਂ ਤਾਂ ਸਿਰਫ਼ ਸੰਭਾਲਣੀ ਸੀ ਜਿੰਨਾ ਚਿਰ ਉਸ ਰੱਬ ਨੇ ਸੰਭਾਲਣ ਦਾ ਮੌਕਾ ਦਿੱਤਾ ਮੈਂ ਸੰਭਾਲਦੀ ਰਹੀ ਫ਼ੇਰ ਇੱਕ ਦਿਨ ਉਹ ਵਾਪਸ ਲੈਣ ਆਇਆ ਤੇ ਲੈ ਗਿਆ,,,|

ਏਥੇ ਸਾਡਾ ਹੈ ਵੀ ਕੀ ਅਰਮਾਨ ਸਭ ਕੁੱਝ ਉਸ ਉੱਪਰ ਵਾਲੇ ਨੇ ਸਾਨੂੰ ਅਮਾਨਤ ਸਮਝ ਕੇ ਦਿੱਤਾ ਹੋਇਆ ਤੇ ਅਸੀਂ ਮੂਰਖ ਲੋਕ ਉਸ ਅਮਾਨਤ ਨੂੰ ਖੁਦ ਦੀ ਸਮਝ ਲੈਨੇ ਆਂ,,ਬੱਸ ਉਹਦਾ ਸੀ ਉਹ ਲੈ ਗਿਆ.. ਇਹ ਗੱਲ ਕਰਨ ਵੇਲੇ ਸਾਬਰੀ ਦੀ ਅੱਖ 'ਚ ਇੱਕ ਵੀ ਹੰਝੂ ਨਹੀਂ ਸੀ।

ਪਰ ਹੋਇਆ ਕੀ ਸੀ ਇਹ ਤਾਂ ਦੱਸ ? ਸਾਬਰੀ ਮੇਰਾ ਦਿਲ ਘਬਰਾ ਰਿਹਾ ਪਲੀਜ਼, ਅਰਮਾਨ

ਨੇ ਫ਼ੇਰ ਸਵਾਲ ਕੀਤਾ।

ਸਾਬਰੀ ਨੇ ਇੱਕ ਲੰਬਾ ਸਾਹ ਲਿਆ ਤੇ ਪਹਾੜ ਦੀ ਢਲਾਣ ਵਾਲੀ ਸੜਕ ਤੇ ਤੁਰਨਾ ਸ਼ੁਰੂ ਕਰ ਦਿੱਤਾ, ਅਰਮਾਨ ਨੇ ਵੀ ਉਹਦੇ ਨਾਲ ਨਾਲ ਤੁਰਨਾ ਸ਼ੁਰੂ ਕਰ ਦਿੱਤਾ..

ਸਾਬਰੀ ਨੇ ਚੁੱਪ ਤੋੜੀ... ਅਰਮਾਨ ਜਿਸ ਦਿਨ ਤੁਸੀਂ ਮੈਨੂੰ ਘਰੋਂ ਕੱਢਿਆ ਸੀ ਮੈਨੂੰ ਸੱਤਵਾਂ ਮਹੀਨਾ ਚੱਲ ਰਿਹਾ ਸੀ,,
ਪਤਾ ਸੀ ਨਾ ਤੈਨੂੰ ਇਸ ਗੱਲ ਦਾ ? ਏਨੀ ਗੱਲ ਕਹਿ ਕੇ ਸਾਬਰੀ ਨੇ ਅਰਮਾਨ ਦੀਆਂ ਅੱਖਾਂ ਚ ਅੱਖਾਂ ਪਾ ਕੇ ਦੇਖਿਆ,,,

ਪਰ ਸਾਬਰੀ ਮੈਂ ਨੀਂ,, ਤੈਨੂੰ ਘਰੋਂ ਮੰਮੀ ਡੈਡੀ ਨੇ ਕੱਢਿਆ ਸੀ ਕਾਰਨ ਤੈਨੂੰ ਵੀ ਪਤਾ? ਅਰਮਾਨ ਸਾਬਰੀ ਨੂੰ ਬਿਨ੍ਹਾਂ ਦੇਖੇ ਨੀਂਵੀ ਪਾਈ ਬੋਲ ਰਿਹਾ ਸੀ।

ਅਰਮਾਨ ਮੈਨੂੰ ਪਤਾ ਉਹ ਬੱਚਾ ਤੇਰਾ ਨਹੀਂ ਸੀ, ਪਰ ਤੂੰ ਤਾਂ ਸਾਰੀ ਸਚਾਈ ਜਾਣਦਾ ਸੀ ਨਾ? ਪਰ ਤੂੰ ਇੱਕ ਵਾਰ ਵੀ ਨੀਂ ਬੋਲਿਆ, ਨਾਲੇ ਮੈਂ ਕੋਈ ਧੱਕੇ ਨਾਲ ਤਾਂ ਤੇਰੇ ਘਰ ਨਹੀਂ ਸੀ ਆ ਗਈ |

ਮੈਂ ਤਾਂ ਚੁੱਪ ਚਾਪ ਮਰ ਰਹੀ ਸੀ , ਪਹਾੜੀ ਦੀ ਚੋਟੀ ਖੜੀ ਸੀ ਛਾਲ ਮਾਰਨ ਲਈ, ਤੂੰ ਹੀ ਗਲ ਨਾਲ ਲਾ ਕੇ ਮੈਨੂੰ ਘਰ ਲੈ ਗਿਆ ਸੀ ਆਪਣੇ,, ਓਦੋਂ ਇੱਕੋ ਵਾਰ ਮਰ ਜਾਣ ਦਿੱਤਾ ਹੁੰਦਾ ਤਾਂ ਦੋ ਸਾਲ ਤੱਕ ਰੋਜ ਰੋਜ ਨਾ ਮਰਦੀ ਤੇ ਹਾਂ ਜੇ ਇਸ ਮੋਕਸ਼ ਦੇ ਰਾਹ ਨਾ ਤੁਰਦੀ ਹੁਣ ਤੱਕ ਰੋਜ ਮਰ ਰਹੀ ਹੁੰਦੀ ਪਰ ਪਿਛਲੇ ਚਾਰ ਸਾਲ ਤੋਂ ਜਦ ਦੀ ਇਸ ਰਾਹ ਤੇ ਤੁਰੀ ਆਂ, ਜਿਉਣਾ ਸਿੱਖ ਲਿਆ ਤੇ ਇਹ ਵੀ ਸਮਝ ਲਿਆ ਮੌਤ ਸੱਚ ਹੈ ਤੇ ਜਿਉਣਾ ਝੂਠ ਹੈ |

2 ਸਾਲ ਤੱਕ ਤੇਰੇ ਮਾਂ ਪਿਉ ਦੇ ਬੋਲ ਮੇਰੇ ਕੰਨਾਂ ਚ ਗੂੰਜਦੇ ਰਹੇ ਆ,,,,,,

ਜਦ ਤੇਰੇ ਪਿਤਾ ਨੇ ਕਿਹਾ ਸੀ ....
ਤੂੰ ਪਾਗਲ ਹੋ ਗਿਆਂ ਅਰਮਾਨ,,ਤੈਨੂੰ ਪਤਾ ਤੇਰੀ ਇਸ ਸਾਬਰੀ ਹੀਰ ਨੂੰ ਖੁਦ ਇਹਦੇ ਪਿਉ ਨੇ ਘਰੋਂ ਕੱਢਤਾ,, ਕਹਿੰਦਾ ਏਹਨੇ ਸਾਨੂੰ ਮੂੰਹ ਦਿਖਾਉਣ ਜੋਗਾ ਨੀਂ ਛੱਡਿਆ ਸਮਾਜ ਚ ਤੇ ਤੂੰ ਏਹਨੂੰ ਘਰੇ ਲੈ ਕੇ ਆ ਗਿਆਂ। ਕੀ ਮੂੰਹ ਦਿਖਾਵਾਂ ਗੇ ਲੋਕਾਂ ਨੂੰ??ਜਾਹ ਜਿਥੋਂ ਲੈ ਕੇ ਆਇਆਂ ਹੁਣੇ ਛੱਡ ਕੇ ਆ ਤੇ ਤੇਰੀ ਮਾਂ ਕੀ ਬੋਲੀ ਸੀ ਅਰਮਾਨ ਯਾਦ ਆ ਨਾ ਕਿ ਮੈਂ ਯਾਦ ਕਰਾਵਾਂ??

ਚੱਲ ਯਾਦ ਕਰਵਾ ਦਿੰਨੀ ਆ ਤੁਸੀਂ ਕਬੀਲਦਾਰ ਬੰਦੇ ਸੌ ਟੈਨਸ਼ਨਾਂ ਹੋਣੀਆਂ ਦਿਮਾਗ ਤੇ ਭੁੱਲ ਗਿਆਂ ਹੋਵੇਂਗਾ ਛੇ ਸਾਲ ਪੁਰਾਣੀ ਗੱਲ ਜੋ ਹੋ ਗਈ..

ਤੇਰੀ ਮਾਂ ਨੇ ਕਿਹਾ ਸੀ...
ਪਤਾ ਨੀਂ ਕੀਹਦਾ ਪਾਪ ਚੱਕੀ ਫਿਰਦੀ ਆ ਢਿੱਡ ਚ ਹਰਾਮ ਦੇ ਬੀਅ ਨੂੰ ਪਿਉ ਦਾ ਨਾਂ ਦੇਣ ਲਈ ਹੁਣ ਸਾਡੇ ਬੂਹੇ ਆ ਗਈ ਆ, ਜੇ ਏਹਨੂੰ ਕਿਸੇ ਸਮਾਜ ਦੀ ਲੱਜ ਸ਼ਰਮ ਨੀਂ ਸਾਨੂੰ ਤਾਂ ਹੈਗੀ ਨਾ, ਅਸੀਂ ਤਾਂ ਰਹਿਣਾ ਆਪਣੇ ਸ਼ਰੀਕੇ ਕਬੀਲੇ ਚ ਏਹਨੂੰ ਇੰਨੀ ਪੈਰੀਂ ਘਰੋਂ ਕੱਢਦੇ,ਨਹੀਂ ਤਾਂ ਨਿੱਕਲ ਜਾ ਤੂੰ ਵੀ ਇਹਦੇ ਨਾਲ ਅਰਮਾਨ।

ਮੈਂ ਸੋਫੇ ਦੇ ਪਿੱਛੇ ਖੜੀ ਰੋ ਰਹੀ ਸੀ ਹੰਝੂਆਂ ਦਾ ਹੜ੍ਹ ਮੇਰੀਆਂ ਗੱਲਾਂ ਤੋਂ ਵਗ ਕੇ ਮੇਰੀ ਕਮੀਜ਼ ਭਿਉਂ ਰਿਹਾ ਸੀ ਕਿਉਂਕੇ ਅਰਮਾਨ ਮੈਂ ਆਪ ਨੀਂ ਸੀ ਆਈ ਮੈਨੂੰ ਤੂੰ ਲੈ ਕੇ ਆਇਆ ਸੀ ਤੇਰੇ ਘਰ, ਵੇ ਮੈਂ ਤਾਂ ਮਰਨ ਲੱਗੀ ਸੀ ਮੇਰੇ ਤੋਂ ਸਿਰਫ਼ ਇੱਕ ਕਦਮ ਦੀ ਦੂਰੀ ਤੇ ਖੜੀ ਸੀ ਮੌਤ ਸਿਰਫ਼ ਤੇ ਸਿਰਫ਼ ਇੱਕ ਕਦਮ ਦੂਰੀ ਤੇ,,ਪਰ ਤੂੰ ਭੱਜਕੇ ਆ ਕੇ ਗਲ ਲਾ ਲਿਆ ਸੀ |

ਕਾਲਜ ਦਾ ਪਿਆਰ ਸੀ ਨਾ ਤੇ ਮੇਰੀ ਮੌਤ ਤੇਰੇ ਤੋਂ ਵੇਖੀ ਨਹੀਂ ਸੀ ਜਾਣੀ, ਪਰ ਤੇਰੇ ਘਰੇ ਸੋਫੇ ਪਿੱਛੇ ਖੜੀ ਮੈਂ ਰੋ ਰਹੀ ਸੀ ਬੁੱਲ੍ਹ ਅੰਦਰ ਨੂੰ ਮੋੜ ਕੇ ਘੁੱਟੇ ਹੋਏ ਸਨ ਤਾਂ ਕਿ ਤੇਰੇ ਮਾਂ ਪਿਉ

ਤੇ ਕੰਨਾਂ ਤੱਕ ਇਸ ਚੰਦਰੀ ਦੇ ਹਾਉਂਕੇ ਨਾ ਪਹੁੰਚਣ, ਮੈਂ ਹਸਰਤ ਭਰੀਆਂ ਨਿਗਾਵਾਂ ਨਾਲ ਤੇਰੇ ਵੱਲ ਦੇਖ ਰਹੀ ਸੀ,, ਜਿਵੇਂ ਕੋਈ ਡੁੱਬਦਾ ਹੋਇਆ ਬੰਦਾ ਹਸਰਤ ਭਰੀਆਂ ਨਿਗਾਵਾਂ ਨਾਲ ਕਿਨਾਰੇ ਵੱਲ ਦੇਖ ਰਿਹਾ ਹੁੰਦਾ, ਪਰ ਅਰਮਾਨ ਤੇਰੇ ਬੁੱਲ੍ਹ ਨੀਂ ਖੁੱਲੇ ਜਿਵੇਂ ਤੇਰੀ ਜ਼ੁਬਾਨ ਨੂੰ ਕਿਸੇ ਨੇ ਜ਼ਿੰਦਰਾ ਮਾਰ ਦਿੱਤਾ ਹੁੰਦਾ,ਮੇਰੀ ਉਮੀਦ ਦੇ ਫੜਫੜਾਉਂਦੇ ਦੀਵੇ ਨੂੰ ਤੇਰੀ ਚੁੱਪ ਨੇ ਫੂਕ ਮਾਰ ਕੇ ਹਮੇਸ਼ਾ ਲਈ ਬੁਝਾ ਦਿੱਤਾ ਤੇ ਤਾਰਿਆਂ ਦੀ ਛਾਵੇਂ ਥੋੜਾ ਹਨ੍ਹੇਰਾ ਹੋਏ ਤੋਂ ਮੈਨੂੰ ਘਰੋਂ ਕੱਢ ਦਿੱਤਾ ਗਿਆ ਜੇ ਦਿਨ ਚ ਕੱਢਦੇ ਤਾਂ ਸੌ ਲੋਕਾਂ ਨੇ ਦੇਖਣਾ ਸੀ ਮੈਨੂੰ,,ਤੁਸੀ ਤਾਂ ਸਮਾਜ ਚ ਰਹਿਣਾ ਸੀ,,, ਤੁਹਾਡੇ ਦਿਲ ਚ ਸਵਾਲ ਸਨ ਕੇ ਲੋਕ ਕੀ ਕਹਿਣਗੇ...|

ਮੈਂ ਚੁੱਪ ਚਾਪ ਕੁੱਖ ਚ 7 ਮਹੀਨਿਆਂ ਦਾ ਬੱਚਾ ਚੱਕੀ ਤੇਰੇ ਘਰੋਂ ਨਿੱਕਲ ਆਈ ,, ਮੇਰੇ ਤਾਂ ਪੇਕੇ ਵੀ ਜਿਉਂਦੇ ਜੀਅ ਮਰ ਗਏ ਸਨ ਕੋਈ ਟਿਕਾਣਾ ਨਹੀਂ ਸੀ, ਮੈਨੂੰ ਇਹ ਵੀ ਨਹੀਂ ਸੀ ਪਤਾ ਕੇ ਮੈਂ ਜਾਣਾ ਕਿੱਥੇ ਆ,, ਬੱਸ ਅੱਖਾਂ ਚ ਹੰਝੂ ਭਰੀ ਰੋਂਦੀ ਤੇਰੇ ਘਰੋਂ ਨਿੱਕਲ ਆਈ ਪਰ ਤੈਨੂੰ ਪਤਾ ਉਸ ਤੋਂ ਬਾਅਦ ਕੀ ਕੀ ਹੋਇਆ ਮੇਰੇ ਨਾਲ ?

ਸ਼ਾਇਦ ਅਰਮਾਨ ਤੇਰੀ ਰੂਹ ਕੰਬ ਜਾਵੇਗੀ ਸੁਣਕੇ..

ਅਰਮਾਨ ਨੇ ਭਿੱਜੀਆਂ ਅੱਖਾਂ ਨਾਲ ਸਾਬਰੀ ਵੱਲ ਦੇਖਿਆ,,
ਜੋ ਹੁਣ ਕੋਈ ਰੱਬੀ ਰੂਹ ਲੱਗ ਰਹੀ ਸੀ, ਜਿਹੜੀ ਛੇ ਸਾਲ ਪਹਿਲਾਂ ਸਭ ਨੂੰ ਇੱਕ ਬਦਚਲਣ ਔਰਤ ਲੱਗਦੀ ਸੀ |ਸੱਚ ਮੁੱਚ ਬੰਦੇ ਦਾ ਪਹਿਰਾਵਾ ਵੀ ਕਿੱਡਾ ਵੱਡਾ ਰੋਲ ਅਦਾ ਕਰਦਾ ਹੈ ਬੰਦੇ ਦਾ ਕਿਰਦਾਰ ਦਰਸਾਉਣ ਵਿੱਚ |

ਅੱਗੇ ਦੀ ਕਹਾਣੀ ਦੱਸਦੀ ਸਾਬਰੀ ਆਪਣੇ ਅਤੀਤ ਚ ਗੁਆਚ ਗਈ......

ਵੈਸਟ ਬੰਗਾਲ ਦੀ ਪਹਾੜੀ ਤੇ ਵਸੇ ਖੂਬਸੂਰਤ ਸ਼ਹਿਰ ਦਾਰਜ਼ਲਿੰਗ ਦਾ ਤਾਰਿਆਂ ਨਾਲ ਭਰਿਆ ਆਸਮਾਨ ਤੇ ਹੱਡਾਂ ਨੂੰ ਚੀਰਦੀ ਠੰਡੀ ਪਹਾੜੀ ਹਵਾ ਤੇ ਕੱਲੀ ਸਾੜੀ ਚ ਲਿਪਟੀ ਪੇਟ

ਚ ਸੱਤ ਮਹੀਨੇ ਦਾ ਬੱਚਾ ਲਈ ਸਾਬਰੀ ਅਰਮਾਨ ਦੇ ਘਰੋਂ ਨਿੱਕਲ ਆਈ...|

ਓਹਨੇ ਪੋਲੇ ਪੋਲੇ ਕਦਮਾਂ ਨਾਲ ਪਹਾੜ ਦੀ ਨਿਵਾਨ ਵੱਲ ਉਤਰਨਾ ਸ਼ੁਰੂ ਕਰ ਦਿੱਤਾ,,ਸ਼ਾਂ ਸ਼ਾਂ ਕਰਦੀ ਰਾਤ ਦੀ ਚੁੱਪ,,ਦੂਰ ਦੂਰ ਤੱਕ ਫੈਲਿਆ ਪਹਾੜੀ ਹਨ੍ਹੇਰਾ ਤੇ ਡਰਾਉਂਦੇ ਉੱਚੇ ਉੱਚੇ ਆਦਮਕੱਦ ਦੇਵਦਾਰ ਦੇ ਰੁੱਖ ਤੇ ਜੰਗਲੀ ਜਾਨਵਰਾਂ ਦਾ ਖ਼ਤਰਾ,,,ਪਰ ਮੁਸੀਬਤ ਵੀ ਤਾਂ ਕਿਸੇ ਚੀਜ਼ ਦਾ ਨਾਂ ਹੁੰਦਾ,, ਜਦੋਂ ਪੈਂਦੀ ਆ ਫ਼ੇਰ ਵਕ਼ਤ ਨੀਂ ਦੇਖਦੀ |

ਸਾਬਰੀ ਹੋਲੀ ਹੋਲੀ ਨਿਵਾਨ ਵੱਲ ਤੁਰੀ ਜਾ ਰਹੀ ਸੀ ਮੰਜ਼ਿਲ ਦਾ ਤਾਂ ਕੋਈ ਪਤਾ ਨਹੀਂ ਸੀ, ਕਿਉਂਕੇ ਉਹਦੀ ਹਾਲਤ ਟਾਹਣੀਓ ਟੁੱਟੇ ਪੱਤੇ ਵਰਗੀ ਸੀ,,, ਜਿਵੇਂ ਉਹਦੀ ਕੋਈ ਮੰਜ਼ਿਲ ਨਹੀਂ ਹੁੰਦੀ, ਬੱਸ ਹਵਾ ਜਿੱਧਰ ਲੈ ਜਾਵੇ ਓਧਰ ਹੀ ਚਲਾ ਜਾਂਦਾ, ਓਸੇ ਤਰਾਂ ਵਕ਼ਤ ਦੀ ਹਵਾ ਨੇ ਪਤਾ ਨੀਂ ਸਾਬਰੀ ਨੂੰ ਕਿੱਥੇ ਲਿਜਾ ਸੁੱਟਣਾ ਸੀ |

ਓਹਨੇ ਕਾਫ਼ੀ ਨਿਵਾਨ ਤੇ ਆ ਕੇ ਇੱਕ ਵਾਰ ਆਪਣੇ ਬਚਪਨ ਦੇ ਸ਼ਹਿਰ ਦਾਰਜ਼ਲਿੰਗ ਨੂੰ ਆਖ਼ਰੀ ਵਾਰ ਦੇਖਿਆ ਤੇ ਬੋਲੀ,, ਚੰਗਾ ਮਾਂ ਜਾ ਰਹੀ ਆ ਤੇਰੀ ਸਾਬਰੀ, ਜਿਸਨੂੰ ਤੂੰ ਹਿੱਕ ਨਾਲ ਲਾ ਕੇ ਸੌਂਦੀ ਹੁੰਦੀ ਸੀ ਤੇ ਪਾਪਾ ਤੁਸੀਂ ਤਾਂ ਕਦੇ ਮਾੜੀ ਜਹੀ ਠੰਡ ਵਿੱਚ ਵੀ ਮੇਰੇ ਘਰੋਂ ਨਿਕਲਣ ਤੇ ਮਾਂ ਨਾਲ ਲੜ ਪੈਂਦੇ ਹੁੰਦੇ ਸੀ,,,,
ਪਾਗਲ ਆਂ ਤੂੰ ਸਾਬਰੀ ਦੀ ਮਾਂ? ਠੰਡ ਲਵਾਉਣੀ ਆ ਕੁੜੀ ਨੂੰ !

ਪਰ ਪਾਪਾ,,ਅੱਜ ਤੂੰ ਵੀ ਪਰਾਇਆ ਹੋ ਗਿਆ, ਏਡਾ ਵੀ ਕੀ ਗੁਨਾਹ ਕਰਤਾ ਸੀ ਤੇਰੀ ਧੀ ਨੇ,, ਇੱਕ ਸੁਪਨਾ ਹੀ ਤਾਂ ਦੇਖਿਆ ਸੀ | ਪਰ ਪਾਪਾ ਮੈਂ ਕੋਈ ਸਫਾਈ ਨੀਂ ਦੇਣ ਲੱਗੀ, ਬੱਸ ਆਖ਼ਰੀ ਸਲਾਮ ਕਹਿਣ ਲੱਗੀ ਆਂ ਤੇਰੇ ਸ਼ਹਿਰ ਨੂੰ,, ਹੁਣ ਕਦੇ ਤੇਰੇ ਸ਼ਹਿਰ ਨਹੀਂ ਆਵਾਂਗੀ ਪਾਪਾ, ਕਦੇ ਨਹੀਂ ਆਵਾਂਗੀ, ਕਦੇ ਨਹੀਂ ਪਾਪਾ ਕਦੇ ਵੀ ਨਹੀਂ ਬੋਲਦੀ ਬੋਲਦੀ ਸਾਬਰੀ ਦੀਆਂ ਅੱਖਾਂ ਚ ਹੰਝੂਆਂ ਦੀਆਂ ਘਰਾਲਾਂ ਚੱਲ ਪਈਆਂ...ਓਹਨੇ ਇਕਦਮ ਸ਼ਹਿਰ ਵੱਲ ਪਿੱਠ ਕਰਕੇ ਸੱਜੇ ਹੱਥ ਨਾਲ ਅੱਖਾਂ ਦੇ ਹੰਝੂ ਪੂੰਝੇ, ਖੱਬਾ ਹੱਥ ਓਹਨੇ ਢਿੱਡ ਤੇ ਰੱਖਿਆ ਹੋਇਆ

ਸੀ ਜਿਸ ਵਿੱਚ ਉਹ ਸੱਤ ਮਹੀਨੇ ਦਾ ਪਾਪ ਲੈ ਕੇ ਘੁੰਮ ਰਹੀ ਸੀ ਤੇ ਫ਼ੇਰ ਹੋਲੀ ਹੋਲੀ ਕਦਮ ਪੱਟਦਿਆਂ ਓਹਨੇ ਨਿਵਾਨ ਵੱਲ ਤੁਰਨਾ ਸ਼ੁਰੂ ਕਰ ਦਿੱਤਾ।

ਅਚਾਨਕ ਹਨ੍ਹੇਰੇ ਚ ਉਹਦਾ ਪੈਰ ਇੱਕ ਨੋਕੀਲੇ ਪੱਥਰ ਨਾਲ ਟਕਰਾਇਆ ਤੇ ਉਹ ਡਿੱਗ ਪਈ ਤੇ ਰੁੜਦੀ ਰੁੜਦੀ ਕਾਫ਼ੀ ਦੂਰ ਜਾ ਕੇ ਰੁਕੀ,,ਉਹਦੇ ਪੈਰ ਦੇ ਅੰਗੂਠੇ ਦਾ ਨੌਂਹ ਪੱਟਿਆ ਗਿਆ ਦਰਦ ਨਾਲ ਉਹ ਤਰਾਹ ਉੱਠੀ ਤੇ ਦੂਜਾ ਢਿੱਡ ਥੱਲੇ ਵੱਜਣ ਕਰਕੇ ਉਹਦੇ ਬੜਾ ਤੇਜ਼ ਦਰਦ ਉੱਠਿਆ, ਪਰ ਅੰਦਰੋਂ ਦਰਦ ਨਾਲ ਉੱਠੀ ਚੀਕ ਓਹਨੇ ਬੁੱਲ੍ਹ ਘੁੱਟ ਕੇ ਅੰਦਰ ਹੀ ਰੋਕ ਲਈ ਕਿਉਂਕਿ ਪਹਾੜਾਂ ਚ ਜੰਗਲੀ ਭਾਲੂਆਂ ਦਾ ਖ਼ਤਰਾ ਬਹੁਤ ਹੁੰਦਾ ਜੋ ਅਵਾਜ਼ ਸੁਣਦੇ ਹੀ ਹਮਲਾ ਕਰ ਦਿੰਦੇ ਆ,,ਉਹਦੇ ਪੈਰ ਦੇ ਅੰਗੂਠੇ ਚੋਂ ਲਹੂ ਦੀ ਤਾਤੀਰੀ ਚੱਲ ਰਹੀ ਸੀ |

ਸਾਬਰੀ ਸੜਕ ਦੇ ਵਿਚਾਲੇ ਹੀ ਦੋਵਾਂ ਹੱਥਾਂ ਨਾਲ ਢਿੱਡ ਘੁੱਟ ਕੇ ਗੋਡਿਆਂ ਚ ਸਿਰ ਦੇ ਕੇ ਬੈਠ ਗਈ ਕਿਉਂਕਿ ਪਹਾੜਾਂ ਚ ਰਾਤ ਨੂੰ ਆਵਾਜਾਈ ਤਕਰੀਬਨ ਬੰਦ ਹੀ ਹੁੰਦੀ ਆ |

ਸਾਬਰੀ ਦੇ ਬਹੁਤ ਦਰਦ ਹੋ ਰਿਹਾ ਸੀ ਭੁੱਖ ਵੀ ਬਹੁਤ ਲੱਗੀ ਹੋਈ ਸੀ, ਦੁਬਾਰਾ ਫ਼ੇਰ ਓਹਨੇ ਉੱਠਣ ਦੀ ਕੋਸ਼ਿਸ਼ ਕੀਤੀ ਪਰ ਉਹਦੇ ਤੋਂ ਉੱਠਿਆ ਨਾ ਗਿਆ ਜਿਓਂ ਹੀ ਓਹਨੇ ਉੱਠਣ ਦੀ ਕੋਸ਼ਿਸ ਕੀਤੀ ਉਹ ਫ਼ੇਰ ਡਿੱਗ ਪਈ ਉਹਦੀ ਜੀਭ ਸੁੱਕ ਕੇ ਤਾਲੂਏ ਨਾਲ ਲੱਗੀ ਹੋਈ ਸੀ ਰਾਤ ਦੇ ਹਨ੍ਹੇਰੇ ਚ ਨੇੜੇ ਕੋਈ ਝਰਨਾ ਡਿੱਗਣ ਦੀ ਅਵਾਜ਼ ਆ ਰਹੀ ਸੀ |

ਸਾਬਰੀ ਦੋਵੇਂ ਤਲੀਆਂ ਜ਼ਮੀਨ ਤੇ ਲਾ ਕੇ ਖੁਦ ਨੂੰ ਘੜੀਸ ਦੀ ਹੋਈ ਝਰਨੇ ਦੇ ਕੋਲ ਲੈ ਗਈ ਓਹਨੇ ਰੱਜ ਕੇ ਪਾਣੀ ਪੀਤਾ ਪਰ ਭੁੱਖੇ ਢਿੱਡ ਨੂੰ ਪਾਣੀ ਵੀ ਨਾਗ ਵਾਂਗੂ ਲੜਦਾ, ਇੱਕ ਖਾਸ ਕਰ ਜਦੋਂ ਇੱਕ ਹੋਰ ਮਾਸੂਮ ਜਿੰਦ ਪੇਟ ਵਿੱਚ ਪਲ ਰਹੀ ਹੋਵੇ | ਸਾਬਰੀ ਪਾਣੀ ਪੀਣ ਤੋਂ ਬਾਅਦ ਉਥੇ ਹੀ ਇੱਕ ਪੱਥਰ ਨਾਲ ਢੋਅ ਲਾ ਕੇ ਬੈਠ ਗਈ।

ਕਿੱਥੇ ਲੈ ਆਈ ਸੀ ਉਸਨੂੰ ਜ਼ਿੰਦਗੀ,ਆਪਣੀ ਮਾਂ ਨਾਲ ਚਾਹ ਦੇ ਬਾਗਾਂ ਚ ਖੇਡਣ ਵਾਲੀ

ਸਭ ਦੀ ਲਾਡਲੀ , ਅੱਜ ਭੁੱਖਣ ਭਾਣੇ ਬੈਠੀ ਸੀ। ਯਾਦ ਆ ਰਹੇ ਸੀ ਉਹਦੇ ਪਾਪਾ ਦੇ ਮਾਂ ਨੂੰ ਬੋਲੇ ਬੋਲ,, ਕੇ ਸਾਬਰੀ ਦੀ ਮਾਂ ਤੈਨੂੰ ਕਿੰਨੀ ਵਾਰੀ ਕਿਹਾ ਜਿੰਨ੍ਹਾਂ ਚਿਰ ਮੇਰੀ ਸਾਬਰੀ ਧੀ ਰੋਟੀ ਨੀਂ ਖਾਂਦੀ ਓਹਨਾਂ ਚਿਰ ਮੈਨੂੰ ਰੋਟੀ ਨਾ ਦਿਆ ਕਰ, ਪਹਿਲਾਂ ਮੇਰੀ ਪਿਆਰੀ ਗੁਡੀਆ ਸਾਬਰੀ ਖਾਉਗੀ ਓਦੂ ਬਾਅਦ ਹੀ ਮੈਂ ਖਾਉ ਗਾਂ,, ਕਿਉਂ ਸਾਬਰੀ ਬੇਟਾ ਸਹੀ ਕਿਹਾ ਨਾ,,?
ਹਾਂ ਪਾਪਾ ਬਿਲਕੁੱਲ ਸਹੀ,,, ਪਾਪਾ.. ਮਾਂ ਨਾ, ਖਾਣਾ ਬਾਹਲਾ ਲੇਟ ਕਰ ਦਿੰਦੀ ਆ ਤੇ ਤੁਹਾਨੂੰ ਤਾਂ ਪਤਾ ਪਾਪਾ ਤੁਹਾਡੀ ਧੀ ਨੂੰ ਤਾਂ ਭੁੱਖ ਵੀ ਬਾਹਲੀ ਲਗਦੀ ਆ ਤੇ ਪਿਉ ਧੀ ਨੇ ਹੱਸ ਪੈਣਾ,,

ਪੱਥਰ ਦਾ ਢੋਅ ਲਾ ਕੇ ਬੈਠੀ ਸਾਬਰੀ ਦੀਆਂ ਅੱਖਾਂ ਚੋਂ ਹੰਝੂ ਵਗ ਪਏ ਬੋਲੀ..ਪਾਪਾ ਬਹੁਤ ਭੁੱਖ ਲੱਗੀ ਆ ਤੇਰੀ ਧੀ ਨੂੰ ਪਾਪਾ ਬਹੁਤ ਭੁੱਖ ਲੱਗੀ ਆ। ਪੇਟ ਦਾ ਦਰਦ ਤਾਂ ਥੋੜ੍ਹਾ ਘੱਟ ਹੋ ਗਿਆ ਸੀ, ਪਰ ਪੈਰ ਦੇ ਅੰਗੂਠੇ ਦਾ ਨੌਂਹ ਪੱਟੇ ਜਾਣ ਕਰਕੇ, ਚੀਸਾਂ ਪੈ ਰਹੀਆਂ ਸਨ ਓਹਨੇ ਪੈਰ ਝਰਨੇ ਦੇ ਪਾਣੀ ਥੱਲੇ ਕਰ ਦਿੱਤਾ, ਜ਼ਖ਼ਮੀ ਅੰਗੂਠੇ ਤੇ ਵੱਜੀ ਪਾਣੀ ਦੀ ਧਾਰ ਉਹਦੇ ਪੂਰੇ ਸਰੀਰ ਚ ਦਰਦ ਛੇੜ ਗਈ ਤੇ ਬਰਫ਼ਾਂ ਪਿਘਲ ਕੇ ਆਏ ਗੜੇ ਵਰਗੇ ਠੰਡੇ ਪਾਣੀ ਨੇ ਉਹਦੇ ਸਾਰੇ ਸਰੀਰ ਚ ਕਾਂਬਾ ਛੇੜ ਦਿੱਤਾ ਠੰਡ ਨਾਲ ਉਹਦੇ ਦੰਦ ਵੱਜਣ ਲੱਗ ਪਏ। ਉਹ ਖੁਦ ਨੂੰ ਖੁਦ ਦੀਆਂ ਬਾਹਾਂ ਚ ਘੁੱਟ ਕੇ ਪੱਥਰ ਦਾ ਸਹਾਰਾ ਲਾ ਕੇ ਬੈਠ ਗਈ। ਉਹ ਸੜਕ ਤੋਂ ਥੋੜ੍ਹਾ ਹਟਵਾਂ ਬੈਠੀ ਸੀ ਉਹਦੀ ਹਲੇ ਅੱਖ ਲੱਗੀ ਹੀ ਸੀ ਕਿ ਉਹਦੀ ਮਾਂ ਨੇ ਆ ਕੇ ਸਿਰ ਤੇ ਹੱਥ ਫ਼ੇਰਿਆ..."ਕੀ ਹੋਇਆ, ਮੇਰੀ ਸਾਬਰੀ ਧੀ ਨੂੰ" ?

ਮਾਂ ਬਹੁਤ ਥੱਕ ਗਈ ਆਂ ਮਾਂ, "ਮੈਨੂੰ ਆਪਣੀ ਗੋਦ ਚ ਸੁਆ ਲੈ, ਜਿਵੇਂ ਨਿੱਕੀ ਹੁੰਦੀ ਨੂੰ ਲੋਰੀ ਦੇ ਕੇ ਆਪਣੀ ਬੁੱਕਲ ਚ ਸੁਆ ਲੈਂਦੀ ਹੁੰਦੀ ਸੀ "| ਭੁੱਖ ਵੀ ਬਹੁਤ ਲੱਗੀ ਆ ਮਾਂ, ਮੈਂ ਸਵੇਰ ਦਾ ਕੁੱਝ ਵੀ ਨੀਂ ਖਾਧਾ, 'ਮਾਂ' ਮੈਥੋਂ ਤਾਂ 'ਮਾਂ' ਖੜ੍ਹਾ ਵੀ ਨਹੀਂ ਹੋਇਆ ਜਾ ਰਿਹਾ |
ਮੈਂ ਤਾਂ ਕਸੂਰ ਕੀਤਾ ਮੰਨ ਲੈਨੀ ਆਂ ਪਰ 'ਮਾਂ' ਇਸ ਅਣਜੰਮੇ ਬੱਚੇ ਨੂੰ ਕਿਸ ਗੁਨਾਹ ਦੀ ਸਜਾ ਦੇ ਰਿਹਾ ਰੱਬ | "ਇਹ ਕਿਉਂ ਫਾਕੇ ਕੱਟ ਰਿਹਾ" 'ਮੇਰੇ ਡੁੱਬੜੀ ਦੇ ਨਾਲ'
ਇਹਨੇ ਤਾਂ ਕੋਈ ਗੁਨਾਹ ਵੀ ਨੀਂ ਕੀਤਾ |

ਪਰ ਸਾਬਰੀ ਦੀ ਮਾਂ ਚੁੱਪ ਚਾਪ ਉਹਦੇ ਸਿਰ ਤੇ ਪਿਆਰ ਨਾਲ ਹੱਥ ਫੇਰੀ ਜਾ ਰਹੀ ਸੀ, ਕੁੱਝ ਬੋਲ ਨਹੀਂ ਸੀ ਰਹੀ |

ਮਾਂ ਤੂੰ ਕੁੱਝ ਬੋਲ ਕਿਉਂ ਨਹੀਂ ਰਹੀ ?
ਬੋਲ ਮਾਂ !
ਕੁੱਝ ਤਾਂ ਬੋਲ !
ਸਾਬਰੀ ਕੱਲੀ ਹੀ ਬੋਲੀ ਜਾ ਰਹੀ ਸੀ |
ਜਦ ਸਾਬਰੀ ਨੇ ਅੱਖਾਂ ਖੋਲ ਕੇ ਦੇਖਿਆ,ਤਾਂ ਇੱਕ ਬਾਂਦਰ ਉਹਦਾ ਸਿਰ ਪਲੋਸ ਰਿਹਾ ਸੀ। 'ਮਾਂ ਤਾਂ ਕਿਤੇ ਵੀ ਨਹੀਂ ਸੀ' ਚਾਰ ਪੰਜ ਬਾਂਦਰ ਉਹਦੇ ਆਸੇ ਪਾਸੇ ਬੈਠੇ ਸਨ । ਸ਼ਾਇਦ ਉਹ ਸਾਬਰੀ ਦੀ ਰਾਖੀ ਕਰ ਰਹੇ ਸਨ ਕਿ ਕੋਈ ਜੰਗਲੀ ਭਾਲੂ ਸਾਬਰੀ ਦਾ ਸ਼ਿਕਾਰ
ਨਾ ਕਰ ਦੇਵੇ |

ਸਾਬਰੀ ਡਰ ਕੇ ਬੈਠ ਗਈ |
ਸਿਰ ਪਲੋਸ ਰਹੇ, ਬਾਂਦਰ ਦੇ ਇਸ਼ਾਰੇ ਤੇ ਸਾਰੇ ਬਾਂਦਰ ਪਿੱਛੇ ਹਟ ਗਏ |
ਸਿਰ ਪਲੋਸ ਰਿਹਾ, ਬਾਂਦਰ ਜੋ ਸੁਪਨੇ ਚ ਸਾਬਰੀ ਨੂੰ ਆਪਣੀ ਮਾਂ ਜਾਪਿਆ ਸੀ, ਵੀ ਪਿੱਛੇ ਹੋ ਗਿਆ।
ਬੇਸ਼ੱਕ ਉਹ ਜਾਨਵਰ ਸੀ ਪਰ ਇੰਨਾਂ ਕੁ ਸਮਝ ਗਏ ਸੀ ਕਿ ਕੁੜੀ (ਸਾਬਰੀ) ਓਹਨਾਂ ਤੋਂ ਡਰ ਰਹੀ ਆ।
ਓਹਨਾਂ ਚੋਂ ਬੁੱਢਾ ਬਾਂਦਰ ਸਾਬਰੀ ਅੱਗੇ ਹੱਥ ਜੋੜ ਕੇ ਖੜ ਗਿਆ ਜਿਵੇਂ ਕਹਿ ਰਿਹਾ ਹੋਵੇ ਕਿ ਡਰ ਨਾ ਭੈਣੇ ਅਸੀਂ ਜਾਨਵਰ ਆਂ ਇਨਸਾਨ ਨਹੀਂ ਆਂ,
'ਸਾਨੂੰ ਦੁਖੀਆਂ ਦਾ ਦਰਦ ਦਿਸਦਾ ਉਹਦੇ ਵਿੱਚੋਂ ਹਵਸ ਨਹੀਂ ਦਿਸਦੀ'।

ਫ਼ਿਕਰ ਨਾ ਕਰ ਭੈਣੇ ਤੇਰੇ ਸਿਰ ਤੇ ਹੱਥ ਰੱਖਣ ਨਾਲ ਸਾਡਾ ਸਮਾਜ ਸਾਨੂੰ ਬਾਹਰ ਨਹੀਂ ਕੱਢੂਗਾ ਕਿਉਂਕਿ ਅਸੀਂ ਜਾਨਵਰ ਆਂ। ਸਾਡੇ ਕੋਲ ਇਨਸਾਨ ਜਿੰਨ੍ਹਾਂ ਦਿਮਾਗ ਨਹੀਂ ਆਂ |

ਸਮਾਜ ਦਾ ਡਰ ਤਾਂ ਇਨਸਾਨਾਂ ਨੂੰ ਹੁੰਦਾ, ਨਾਲੇ ਇਨਸਾਨ ਦਾ ਸਮਾਜ ਦਾ ਡਰ ਵੀ ਪਰਛਾਵੇਂ ਵਰਗਾ ਹੁੰਦਾ ਜੋ ਦਿਨ ਦੇ ਚਾਨਣ ਚ ਹੀ ਉਹਦੇ ਨਾਲ ਹੁੰਦਾ, 'ਰਾਤ ਦਾ ਹਨ੍ਹੇਰਾ ਹੁੰਦਿਆਂ ਹੀ ਗਵਾਚ ਜਾਂਦਾ ਉਹਦਾ ਸਮਾਜੀ ਡਰ ਪਰਛਾਂਵੇ ਵਾਂਗ'
ਏਥੇ ਸਿਰਫ਼ ਰਿਸ਼ਤਿਆਂ ਦੇ ਸਬੰਧ ਜੋੜਣ ਵੇਲੇ ਜਾਤਾਂ ਪਾਤਾਂ ਵੇਖੀਆਂ ਜਾਂਦੀਆਂ, 'ਜਿਸਮਾਂ ਦੇ ਸਬੰਧ ਜੋੜਣ ਵੇਲੇ ਕੋਈ ਜਾਤ ਪਾਤ ਨਹੀਂ ਵੇਖੀ ਜਾਂਦੀ'
ਸੁਣਿਆ..ਅੱਜ ਤੱਕ ?

ਕਿਸੇ ਇਨਸਾਨ ਨੇ ਕੋਠੇ ਤੇ ਜਾ ਕੇ ਕਿਸੇ ਵੇਸਵਾ ਦੀ ਜਾਤ ਪੁੱਛੀ ਹੋਵੇ |

ਸਾਬਰੀ ਨੂੰ ਉਹ ਜਾਨਵਰ ਵੀ ਫਰਿਸ਼ਤੇ ਲੱਗੇ | ਸਾਬਰੀ ਦੇ ਇਸ਼ਾਰਾ ਕਰਨ ਤੇ ਉਹ ਸਾਬਰੀ ਕੋਲ ਆ ਗਿਆ | ਸਾਬਰੀ ਨੇ ਪਿਆਰ ਨਾਲ ਉਸਦੇ ਸਿਰ ਤੇ ਹੱਥ ਫ਼ੇਰਿਆ। ਉਹ ਸਾਬਰੀ ਦੇ ਢਿੱਡ ਤੇ ਕੰਨ ਲਾ ਕੇ ਕੁੱਝ ਸੁਣਨ ਲੱਗ ਪਿਆ |

ਸਾਬਰੀ ਨੂੰ ਬਾਂਦਰ ਦੀ ਇਸ ਹਰਕਤ ਤੇ ਹਾਸਾ ਆ ਗਿਆ.... ਫ਼ੇਰ ਸਾਰੇ ਬਾਂਦਰ ਦੂਰ ਪੱਥਰ ਤੇ ਹੋਕੇ ਬੈਠ ਗਏ।

ਸਾਬਰੀ ਨੇ ਉੱਪਰ ਵੱਲ ਨਿਗ੍ਹਾ ਮਾਰੀ, ਦੂਰ ਉੱਪਰ ਪਹਾੜ ਦੀ ਚੋਟੀ ਤੇ ਉਹਦੇ ਬਚਪਨ ਦੇ ਸ਼ਹਿਰ ਦਾਰਜ਼ਲਿੰਗ ਦੀਆਂ ਲਾਈਟਾਂ ਜਗ ਰਹੀਆਂ ਸਨ। ਸਾਬਰੀ ਦੀਆਂ ਅੱਖਾਂ ਅਰਮਾਨ ਨੂੰ ਉਡੀਕ ਰਹੀਆਂ ਸਨ। ਉਸਨੂੰ ਲੱਗ ਰਿਹਾ,"ਸ਼ਾਇਦ ਅਰਮਾਨ ਉਸਦੇ ਪਿੱਛੇ ਜ਼ਰੂਰ ਆਵੇਗਾ" ਪਰ ਜੋ ਉਹਦੇ ਹੱਕ ਚ ਇੱਕ ਸ਼ਬਦ ਨੀਂ ਬੋਲ ਸਕਿਆ, ਪਿੱਛੇ ਓਹਨੇ ਕੀ ਆਉਣਾ ਸੀ |

ਸਾਬਰੀ ਪੱਥਰ ਦਾ ਸਹਾਰਾ ਲੈ ਕੇ ਉੱਠੀ ਤੇ ਝਰਨੇ ਤੋਂ ਪਾਣੀ ਪੀਅ ਕੇ ਭੁੱਖੇ ਢਿੱਡ ਨੂੰ ਦਿਲਾਸਾ

ਦਿੱਤਾ| ਫ਼ੇਰ ਤੋਂ ਤੁਰਨ ਲੱਗੀ ਪਰ ਹੁਣ, ਪੈਰ ਦੇ ਅੰਗੂਠੇ ਦਾ ਨੌਂਹ ਉੱਖੜ ਜਾਣ ਕਰਕੇ ਉਹ ਜੁੱਤੀ ਨਹੀਂ ਸੀ ਪਾ ਸਕਦੀ।
ਇਸ ਲਈ ਓਹਨੇ ਨੰਗੇ ਪੈਰੀਂ ਤੁਰਨਾ ਸ਼ੁਰੂ ਕਰ ਦਿੱਤਾ। ਸੜਕ ਤੇ ਪਈਆਂ ਪਹਾੜੀ ਪੱਥਰਾਂ ਦੀਆਂ ਕੈਂਕਰਾਂ ਨੇ ਉਹਦੇ ਪੈਰ ਲਹੂ ਲੁਹਾਨ ਕਰ ਦਿੱਤੇ। ਪਰ ਸਾਬਰੀ ਨੇ ਕਦਮ ਨਾ ਰੋਕੇ, ਕਿਉਂਕਿ ਸਵੇਰ ਹੋਣ ਤੋਂ ਪਹਿਲਾਂ ਬਹੁਤ ਦੂਰ ਨਿੱਕਲ ਜਾਣਾ ਚਾਹੁੰਦੀ ਸੀ ਉਹ ਆਪਣੇ ਸ਼ਹਿਰ ਤੋਂ |
ਉਹਨੂੰ ਤੁਰਦੀ ਨੂੰ ਸਵੇਰ ਹੋਗੀ । ਇਹਨੇ ਨੂੰ ਪਿੱਛੋਂ ਇੱਕ ਟਰੱਕ ਆਇਆ, ਸਾਬਰੀ ਦੇ ਹੱਥ ਦੇਣ ਤੇ ਡਰਾਈਵਰ ਨੇ ਟਰੱਕ ਰੋਕ ਲਿਆ | ਸਾਬਰੀ ਦੇ ਹੱਥ ਜੋੜਨ ਤੇ ਓਹਨੇ ਸਾਬਰੀ ਨੂੰ ਟਰੱਕ ਚ ਬਿਠਾ ਲਿਆ। ਸਾਬਰੀ ਦੇ ਪੈਰਾਂ ਚ ਤੁਰਨ ਕਰਕੇ ਛਾਲੇ ਤੇ ਜ਼ਖਮ ਹੋ ਚੁੱਕੇ ਸਨ | ਸਾਬਰੀ ਦੀ ਹਾਲਤ ਦੇਖ ਕਲੀਂਡਰ (ਟਰੱਕ ਕੰਡਕਟਰ)ਨੇ ਸਾਬਰੀ ਦੇ ਅੰਗੂਠੇ ਤੇ ਪੱਟੀ ਕਰ ਦਿੱਤੀ |

ਪੈਰ ਨੂੰ ਤਾਂ ਥੋੜ੍ਹਾ ਅਰਾਮ ਮਿਲ ਗਿਆ ਸੀ ਪਰ ਢਿੱਡ ਦੀ ਭੁੱਖ ਉਹਦੀ ਜਾਨ ਕੱਢ ਰਹੀ ਸੀ |
ਉਸ ਟਰੱਕ ਵਿੱਚ ਸੇਬ ਭਰੇ ਹੋਏ ਸਨ ਡਰਾਈਵਰ ਨੇ ਖਾਣ ਲਈ ਸਾਬਰੀ ਨੂੰ ਸੇਬ ਦੇ ਦਿੱਤੇ।ਜਿਸ ਨਾਲ ਭੁੱਖੇ ਢਿੱਡ ਨੂੰ ਥੋੜ੍ਹਾ ਆਸਰਾ ਹੋ ਗਿਆ | ਦੁਪਹਿਰ ਹੋਣ ਤੋਂ ਪਹਿਲਾਂ ਹੀ,ਉਹ ਸਿਲੀਗੁੜੀ ਪਹੁੰਚ ਗਈ ਤੇ ਟਰੱਕ ਡਰਾਈਵਰ ਦਾ ਧੰਨਵਾਦ ਕਰਦੀ ਉਹ ਟਰੱਕ ਚੋਂ ਉੱਤਰ ਗਈ |
ਸਾਬਰੀ ਤੁਰਦੀ ਤੁਰਦੀ ਇੱਕ ਢਾਬੇ ਤੇ ਪਹੁੰਚੀ ਅਤੇ ਜਾ ਕੇ ਢਾਬੇ ਦੇ ਮਾਲਕ ਨੂੰ ਕੰਮ ਦੇਣ ਦੇ ਬਾਰੇ ਚ ਬੋਲੀ। ਪਰ, ਜਦੋਂ ਢਾਬੇ ਦੇ ਮਾਲਕ ਨੇ ਸਾਬਰੀ ਦੇ ਪੇਟ ਤੇ ਨਿਗ੍ਹਾ ਮਾਰੀ ,ਉਹਨੂੰ ਦੁਰਕਾਰ ਦਾ ਬੋਲਿਆ,"ਨਹੀਂ ਆ, ਕੰਮ ਕੋਈ ਮੇਰੇ ਕੋਲ।"

ਢਾਬੇ ਤੇ ਖਾਣਾ ਖਾ ਰਹੇ, ਇੱਕ ਬੰਦੇ ਨੂੰ ਜਿਵੇਂ ਸਾਬਰੀ ਦੀ ਹਾਲਤ ਤੇ ਤਰਸ ਆ ਗਿਆ ਹੁੰਦਾ,ਕਿਉਂਕਿ ਸਾਬਰੀ ਦੇ ਨੰਗੇ ਪੈਰ ਜਖ਼ਮਾਂ ਨਾਲ ਭਰੇ ਹੋਏ ਸਨ। ਕੱਪੜੇ ਮੈਲ ਨਾਲ ਭਰੇ

ਹੋਏ ਸਨ ।

ਉਹ ਬੋਲਿਆ," ਕੋਈ ਨਾ ਬੇਟੀ,ਮੇਰੇ ਨਾਲ ਚੱਲ, ਮੇਰੇ ਕੋਈ ਧੀ ਨਹੀਂ ਆ।"  ਉਹ ਸਾਬਰੀ ਨੂੰ ਆਪਣੇ ਘਰ ਲੈ ਗਿਆ।
ਓਹਨੇ ਸਾਬਰੀ ਨੂੰ ਪਾਉਣ ਲਈ ਵਧੀਆ ਕੱਪੜੇ ਦਿੱਤੇ ਤੇ ਖਾਣ ਨੂੰ ਖਾਣਾ,ਇੱਕ ਵਾਰ ਨਹਾ ਕੇ ਸਾਬਰੀ ਨੂੰ ਜਾਣੋ ਹੋਸ਼ ਆ ਗਈ । ਉਹਦੀ ਸਾਰੀ ਥਕਾਵਟ ਉੱਤਰ ਗਈ ।

ਪਰ,ਉਸ ਬੰਦੇ ਦੀ ਨੀਅਤ ਕੁੱਝ ਹੋਰ ਸੀ ।
ਆਖ਼ਿਰ ਓਹੀ ਹੋਇਆ ਜਿਸਦਾ ਡਰ ਸੀ। ਓਹਨੇ ਸਾਬਰੀ ਨੂੰ ਇੱਕ ਕਮਰੇ ਵਿੱਚ ਬੰਦ ਕਰ ਦਿੱਤਾ। ਹੁਣ, ਸਾਬਰੀ ਉਹਦੇ ਲਈ ਢਾਬੇ ਤੇ ਬਣਾਈ ਧੀ ਨਹੀਂ, ਬਲਕਿ ਇੱਕ ਹਵਸ ਮਿਟਾਉਣ ਦਾ ਖਿਡੌਣਾ ਸੀ ।
ਸਾਬਰੀ ਜਿਸ ਕੈਦ ਚੋਂ ਨਿੱਕਲ ਕੇ ਆਈ ਸੀ, ਇੱਕ ਵਾਰ ਫ਼ੇਰ ਓਸੇ ਕੈਦ ਚ ਫਸ ਚੁੱਕੀ ਸੀ, ਬੱਸ ਐਨਾ ਫਰਕ ਜ਼ਰੂਰ ਸੀ, ਏਥੇ ਉਹਦੇ ਜਿਸਮ ਨੂੰ ਨੋਚਣ ਵਾਲੇ ਬਦਲ ਬਦਲ ਕੇ ਨਹੀਂ ਸਨ ਆਉਂਦੇ।

ਪਿੰਜਰੇ ਚ ਫਸੀ ਬੁਲਬੁਲ ਵਾਂਗ ਉਹਦੀ ਪੁਕਾਰ ਸੁਣਨ ਵਾਲਾ ਵੀ ਕੋਈ ਨਹੀਂ ਸੀ ।
ਉਹਦੀ ਕੈਦ ਚ ਸਾਬਰੀ ਨੂੰ ਅੱਜ 15 ਦਿਨ ਹੋ ਚੁਕੇ ਸਨ । ਪਰ ਕਿਸਮਤ ਕਦੇ ਕਦੇ ਬਦਕਿਸਮਤਾਂ ਦੇ ਬੂਹੇ ਵੀ ਖੜਕਾ ਦਿੰਦੀ ਆ ਭੁਲੇਖੇ ਨਾਲ, ਇਹੀ ਸਾਬਰੀ ਨਾਲ ਹੋਇਆ। ਇੱਕ ਦਿਨ ਉਹ ਜਾਣ ਤੋਂ ਪਹਿਲਾਂ ਦਰਵਾਜ਼ੇ ਨੂੰ ਤਾਲਾ ਮਾਰਨਾ ਭੁੱਲ ਗਿਆ, ਸਾਬਰੀ ਉਹਦੀ ਕੈਦ ਚ ਨਿਕਲ ਗਈ ਜਿਵੇਂ ਪਹਿਲਾਂ ਇੱਕ ਕੈਦ ਚੋਂ ਨਿੱਕਲੀ ਸੀ।
ਪਰ ਮੰਜ਼ਿਲ ਉਹਦੇ ਕੋਲ ਹਲੇ ਵੀ ਕੋਈ ਨਹੀਂ ਸੀ। ਡਿੱਗਦੀ ਢਹਿੰਦੀ ਉਹ ਸਿਲੀਗੁੜੀ ਦੇ ਸਟੇਸ਼ਨ ਤੇ ਪਹੁੰਚ ਗਈ। ਉਹਦਾ ਦਿਲ ਜ਼ੋਰ- ਜ਼ੋਰ ਨਾਲ ਧੜਕ ਰਿਹਾ ਸੀ ਕਿ ਕਿਤੇ ਉਹ ਬੰਦਾ ਉਹਨੂੰ ਲੱਭਦਾ ਲੱਭਦਾ ਉਥੇ ਨਾ ਆ ਜਾਵੇ। ਜੋ ਵੀ ਪਹਿਲੀ ਰੇਲ ਗੱਡੀ ਆਈ ਸਾਬਰੀ ਉਸ ਵਿੱਚ ਸਵਾਰ ਹੋ ਗਈ। ਉਹ ਰੋਂਦੀ ਅੱਖਾਂ ਪੂੰਝਦੀ ਸਫ਼ਰ ਕਰਦੀ ਰਹੀ। ਆਖ਼ਿਰ ਗੱਡੀ

ਨੇ ਉਹਨੂੰ ਕੋਲਕੱਤੇ ਦੇ ਸਟੇਸ਼ਨ ਤੇ ਲਿਆ ਉਤਾਰਿਆ। ਅਜ਼ਨਬੀ ਸ਼ਹਿਰ ਤੇ ਅਜ਼ਨਬੀ ਲੋਕ ਸਾਬਰੀ ਆਪਣੇ ਪਰਛਾਂਵੇ ਕੋਲੋਂ ਵੀ ਡਰ ਰਹੀ ਸੀ,ਜਿਵੇਂ ਕਹਿੰਦੇ ਹੁੰਦੇ ਆ ਨਾ ਕੇ,'ਦੁੱਧ ਦਾ ਸੜਿਆ, ਲੱਸੀ ਨੂੰ ਵੀ ਫੂਕਾਂ ਮਾਰ ਮਾਰ ਪੀਂਦਾ।'
ਓਹੀ ਹਿਸਾਬ ਸਾਬਰੀ ਦਾ ਸੀ, ਉਹ ਜ਼ਿੰਦਗੀ ਚ ਐਨੇ ਧੋਖੇ ਖਾ ਚੁੱਕੀ ਸੀ। ਉਹਨੂੰ ਹਰ ਇਨਸਾਨ ਧੋਖੇਬਾਜ਼ ਲੱਗ ਰਿਹਾ ਸੀ।
ਮੰਗਣਾ ਉਹਨੂੰ ਆਉਂਦਾ ਨਹੀਂ ਸੀ ਕਿਉਂਕਿ ਮਾਂ ਬਾਪ ਦੀ ਲਾਡਾਂ ਨਾਲ ਪਾਲੀ ਧੀ ਨੇ ਅੱਜ ਤੱਕ ਕਿਸੇ ਅੱਗੇ ਕਦੇ ਹੱਥ ਅੱਡਿਆ ਹੀ ਨਹੀਂ ਸੀ। ਹਰ ਚੀਜ਼ ਉਹਦੇ ਮੂੰਹੋ ਨਿਕਲਣ ਤੋਂ ਪਹਿਲਾਂ ਹਾਜ਼ਿਰ ਹੁੰਦੀ ਸੀ । ਪਰ ਹੋਣੀ ਬੜੀ ਬਲਵਾਨ ਚੀਜ਼ ਹੁੰਦੀ,ਰਾਜਿਆਂ ਤੋਂ ਭੀਖ ਮੰਗਾਂ ਦਿੰਦੀ ਆ । ਸਾਬਰੀ ਕਿੰਨੀ ਦੇਰ ਸਟੇਸ਼ਨ ਤੇ ਬਣਦੇ ਖਾਣਿਆ ਨੂੰ ਦੇਖਦੀ ਰਹੀ। ਉਹਦੇ ਅੰਦਰ ਭੁੱਖ ਦੇ ਭਾਂਬੜ ਬਲਦੇ ਰਹੇ।

ਕਈ ਵਾਰ ਓਹਨੇ ਕਿਸੇ ਮੁਸਫ਼ਿਰ ਅੱਗੇ ਹੱਥ ਅੱਡਣ ਬਾਰੇ ਸੋਚਿਆ ਪਰ ਉਹਦੇ ਅੰਦਰ ਨੇ ਹਾਮੀ ਨਾ ਭਰੀ । ਉਹ ਉਸੇ ਤਰਾਂ ਸਟੇਸ਼ਨ ਚੋਂ ਬਾਹਰ ਆ ਗਈ ਤੇ ਬਾਹਰ ਆ ਕੇ ਹਵਾੜਾ ਪੁਲ ਦੇ ਥੱਲੇ ਜਾ ਕੇ ਨਦੀ ਦੇ ਕੰਢੇ ਬੈਠ ਗਈ। ਉਥੇ ਹੋਰ ਵੀ ਬਹੁਤ ਗਰੀਬ ਬੈਠੇ ਹੁੰਦੇ ਆ, ਜਿੰਨ੍ਹਾਂ ਦਾ ਰੈਣ ਬਸੇਰਾ ਹੀ ਹਾਵੜਾ ਪੁਲ ਦੇ ਥੱਲੇ ਆ । ਉਹਨੂੰ ਭੁੱਖੀ ਪਿਆਸੀ ਬੈਠੀ ਨੂੰ ਰਾਤ ਪੈ ਗਈ। ਝੁੱਗੀਆਂ ਚ ਭਾਵੇਂ ਬਿਜਲੀ ਪਾਣੀ ਕੁੱਝ ਨੀਂ ਹੁੰਦਾ ਪਰ, ਗਰੀਬੀ ਤੇ ਹਮਦਰਦੀ ਜ਼ਰੂਰ ਹੁੰਦੀ ਆ। ਇੱਕ ਔਰਤ ਝੁੱਗੀ ਤੋਂ ਬਾਹਰ ਆਈ ਜਦੋਂ ਓਹਨੇ ਬਾਹਰ ਹੁਗਲੀ ਨਦੀ ਦੇ ਕਿਨਾਰੇ ਜ਼ਮੀਨ ਤੇ ਲੇਟੀ ਸਾਬਰੀ ਨੂੰ ਦੇਖਿਆ,ਤਾਂ ਉਹਨੂੰ ਤਰਸ ਆ ਗਿਆ। ਉਹ ਸਾਬਰੀ ਨੂੰ ਆਪਣੇ ਨਾਲ ਝੁੱਗੀ ਚ ਲੈ ਗਈ।

ਓਹਨੇ ਪਤੀਲੇ ਚੋਂ ਕੁੱਝ ਚੌਲ ਪਾ ਕੇ ਸਾਬਰੀ ਨੂੰ ਖਾਣ ਨੂੰ ਦਿੱਤੇ।
ਫ਼ੇਰ ਉਹ ਝੁੱਗੀ ਵਾਲੀ ਪਤਲੀ ਜਹੀ ਕਾਲੀ ਔਰਤ ਜਿਸਦਾ ਨਾਂ ਮਾਲਤੀ ਦੇਵੀ ਸੀ ਬੋਲੀ,
"ਕਯਾ ਹੂਆ ਬੇਟੀ ਕੁਛ ਖੋਅ ਗਾਇਆ ਕਯਾ?"

ਸਾਬਰੀ ਦੇ ਅੰਦਰ,ਜਿਵੇਂ ਕੁੱਝ ਫਟ ਗਿਆ ਹੋਵੇ। ਉਹ ਕਹਿਣਾ ਚਾਹੁੰਦੀ ਸੀ,"ਮਾਲਤੀ ਭੈਣ ਖੋਅ ਤਾਂ ਸਭ ਕੁੱਝ ਹੀ ਗਿਆ ਏ, ਬੱਸ ਕੱਲ੍ਹੇ ਸਾਹਾਂ ਨੂੰ ਛੱਡ ਕੇ।"
ਪਰ ਫ਼ੇਰ ਵੀ ਉਹ ਗੱਲ ਤੇ ਪਰਦਾ ਪਾ ਗਈ ਕਿਉਂਕਿ ਔਰਤ ਸੀਨੇ ਚ ਅੱਗ ਤੱਕ ਦਬਾਉਣ ਦਾ ਹੁਨਰ ਰੱਖਦੀ ਆ।

ਉਹ ਗੱਲ ਬਦਲਦੀ ਬੋਲੀ, "ਮਾਲਤੀ ਭੈਣ ਮੈਂ ਆਪਣੇ ਪਤੀ ਕੋ ਢੂੰਢਣੇ ਕੋਲਕਾਤਾ ਆਈ ਥੀ,ਵੋਹ ਇਧਰ ਹੀ ਕਾਮ ਕਰਤੇ ਹੈ।"
6 ਮਹੀਨੇ ਸੇ ਨਾ ਉਨਕਾ ਕੋਈ ਤਾਰ ਆਇਆ, ਨਾ ਵੋਹ ਘਰ ਗਏ। ਬੱਸ ਉਨਕੋ ਢੂੰਢਤੇ -2 ਸ਼ਾਮ ਹੋ ਗਈ,ਔਰ ਮੈਂ ਇਧਰ ਹੀ ਨਦੀ ਕੇ ਕਿਨਾਰੇ ਲੇਟ ਗਈ।

ਅਰੇ ਬੇਟੀ,ਇਸ ਹਾਲਤ ਮੇਂ ਜ਼ਿਆਦਾ ਘੂੰਮਣਾ ਫਿਰਨਾ ਠੀਕ ਨਹੀਂ ਹੈ। ਜਬ ਤੱਕ ਤੁਮ੍ਹਾਰੇ ਮਰਦ ਨਹੀਂ ਮਿਲ ਜਾਤੇ, ਤੁਮ ਇਧਰ ਹੀ ਰਹੋ, ਆਪਣੀ ਮਾਂ ਕੇ ਪਾਸ।

ਸਾਬਰੀ ਦੀਆਂ ਅੱਖਾਂ ਚ ਹੰਝੂ ਆ ਗਏ ਕਿਉਂਕਿ ਓਹਨੇ ਇੱਕ ਮਾਂ ਦੇ ਸਾਹਮਣੇ ਹੀ ਝੂਠ ਬੋਲ ਦਿੱਤਾ ਸੀ। ਪਰ ਸੱਚ ਦੱਸਦੀ ਵੀ ਕੀ, ਕਿ ਮਾਂ!
ਮੇਰੇ ਸਕੇ ਪਿਉ ਨੇ ਹੀ ਘਰੋਂ ਕੱਢ ਦਿੱਤਾ," ਮੈਨੂੰ ਜੇ ਮਾਲਤੀ ਕਾਰਨ ਪੁੱਛ ਲੈਂਦੀ, ਤਾਂ ਕੀ ਜਵਾਬ ਦਿੰਦੀ, ਕਿ ਇਸ ਕੁੱਖ ਵਿੱਚ ਪਲ ਰਹੇ, ਇਸ ਨਜ਼ਾਇਜ਼ ਬੱਚੇ ਕਰਕੇ,ਜਿਹੜਾ ਇੱਕ ਡਰਾਵਾਨੀ ਹਨੇਰੀ ਰਾਤ ਉਹਦੇ ਢਿੱਡ ਵਿੱਚ ਆ ਪਿਆ ਸੀ।"

ਪਰ ਫ਼ੇਰ ਸ਼ਬਦ ਇਕੱਠੇ ਕਰਕੇ ਸਾਬਰੀ ਨੇ ਪਤਲੇ ਗੁਲਾਬੀ ਬੁੱਲ੍ਹ ਹਿਲਾਏ । ਮਾਲਤੀ ਭੈਣ ਏਕ ਸ਼ਰਤ ਪਰ ਮੈਂ ਯਹਾਂ ਰੁਕੂਗੀ। ਮੈਂ ਭੀ ਕੱਲ੍ਹ ਸੇ ਆਪ ਕੇ ਸਾਥ ਕਾਮ ਪਰ ਚਲੂ ਗੀ। ਮੁਝੇ ਯੇਹ ਮੁਫ਼ਤ ਕਾ ਖਾਣਾ ਅੱਛਾ ਨੀਂ ਲੱਗਤਾ,' ਭੈਣ'

ਪਰ ਤੁਮ ਆਪਣੀ ਹਾਲਤ ਦੇਖੋ ਸਾਬਰੀ ਸੜਕ ਪਰ ਧੂਪ ਮੇਂ ਕਾਮ ਕਰਨਾ ਬਹੁਤ ਮੁਸ਼ਕਿਲ

ਹੋਤਾ ਹੈ। ਤੁਮਾਰੇ ਸੁੰਦਰ ਚਿਹਰੇ ਕੋ ਦੇਖ ਕਰ ਤੋ ਲਗਤਾ ਹੈ ਕਿ ਤੁਮ ਕਭੀ ਧੂਪ ਮੇਂ ਨਿਕਲੀ ਭੀ ਨਹੀਂ ਹੋ, ਬੇਟੀ।

ਅਗਰ ਮਨਜ਼ੂਰ ਹੈ ਤੋ ਠੀਕ ਭੈਣ, ਨਹੀਂ ਤੋ, ਕੱਲ੍ਹ ਸੁਬਹ ਹੋਤੇ ਹੀ ਮੈਂ ਯਹਾਂ ਸੇ ਚਲੀ ਜਾਊਗੀ। ਸਾਬਰੀ ਨੇ ਆਪਣਾ ਆਖ਼ਰੀ ਫੈਸਲਾ ਮਾਲਤੀ ਨੂੰ ਸੁਣਾ ਦਿੱਤਾ।

ਅਗਲੀ ਸਵੇਰ ਸਾਬਰੀ ਵੀ ਮਾਲਤੀ ਨਾਲ ਲੇਬਰ ਟਰੱਕ ਚ ਸਵਾਰ ਹੋਗੀ।
ਚਾਹ ਦੇ ਠੰਡੇ ਬਾਗਾਂ ਚ ਹਿਰਨੀ ਵਾਂਗ ਚੁੱਗੀਆਂ ਭਰਨ ਵਾਲੀ ਸਾਬਰੀ,ਪਾਗਲਾਂ ਵਾਂਗ ਸਾਰਾ ਦਿਨ ਸੜਕ ਤੇ ਪਾਏ ਜਾਣ ਵਾਲੇ ਪੱਥਰ ਏਧਰ ਉਧਰ ਖਿੱਚਦੀ ਰਹੀ। ਕਹੀ ਚਲਾ ਚਲਾ ਉਹਦੇ ਹੱਥਾਂ ਤੇ ਛਾਲੇ ਹੋ ਗਏ। ਪਰ ਓਹਨੇ ਕੰਮ ਕਰਨਾ ਬੰਦ ਨਾ ਕੀਤਾ।
ਦੁਪਹਿਰ ਨੂੰ, ਜਦ ਰੋਟੀ ਦਾ ਟਾਈਮ ਹੋਇਆ ਤਾਂ ਓਹਦੀਆਂ ਉਂਗਲਾਂ ਚ ਬੁਰਕੀ ਤੋੜਨ ਦੀ ਵੀ ਜਾਨ ਬਾਕੀ ਨਾ ਬਚੀ।
ਓਹਦੀਆਂ ਉਂਗਲਾਂ ਨੇ ਉਹਦਾ ਸਾਥ ਹੀ ਨਾ ਦਿੱਤਾ ਕਿ ਉਹ ਬੁਰਕੀ ਤੋੜ ਕੇ ਮੂੰਹ ਚ ਪਾ ਸਕੇ। ਉਹ ਵਿਚਾਰੀ, ਓਸੇ ਤਰਾਂ ਰੋਟੀ ਵਾਲੇ ਪੋਣੇ ਨੂੰ ਗੰਢ ਮਾਰਕੇ ਕੱਲ੍ਹਾ ਪਾਣੀ ਪੀਅ ਕੇ, ਰੁੱਖ ਨਾਲ ਢੋਅ ਲਾ ਕੇ ਥੋੜਾ ਅਰਾਮ ਕਰਨ ਲੱਗੀ।

ਓਦੋਂ ਨੂੰ ਫ਼ੇਰ ਸੀਟੀ ਵੱਜ ਗਈ। ਸਾਬਰੀ ਨੇ ਜਾ ਕੇ ਫ਼ੇਰ ਕਹੀ ਫੜ ਲਈ,ਸੂਰਜ ਵੀ ਸਿਰ ਤੇ ਕਹਿਰਵਾਨ ਹੋਇਆ ਖੜ੍ਹਾ ਸੀ , ਜਿਵੇਂ ਉਹਦੀ ਕੱਲ੍ਹੇ ਦੀ ਸਾਬਰੀ ਨਾਲ ਦੁਸ਼ਮਣੀ ਕੱਢਣੀ ਬਾਕੀ ਰਹਿ ਗਈ ਹੋਵੇ।

ਸਾਬਰੀ ਆਪਣੇ ਗੋਰੇ ਮੁੱਖ ਤੋਂ ਵਗਦਾ ਪਸੀਨਾ ਚੁੰਨੀ ਨਾਲ ਪੂੰਝਦੀ ਤੇ ਫ਼ੇਰ ਕੰਮ ਲੱਗ ਜਾਂਦੀ, ਕਿਉਂਕਿ ਠੇਕੇਦਾਰ ਨੇ ਉਸਦੀ ਹਾਲਤ ਨਹੀਂ,ਕੰਮ ਦੇਖਣਾ ਸੀ।
ਸਾਬਰੀ ਸ਼ਾਮ ਤੱਕ ਕਦੇ ਕਹੀ ਚਲਾਉਂਦੀ ਰਹੀ, ਕਦੇ ਵੇਲਚਾ ਤੇ ਕਦੇ ਪੱਥਰਾਂ ਨਾਲ ਭਰੀ ਰੇਹੜੀ ਖਿੱਚਦੀ ਰਹੀ।

ਹੁਣ, ਉਹਦਾ ਦਰਦ ਉਹਦੇ ਲਈ ਜਨੂੰਨ ਬਣ ਗਿਆ ਸੀ।

ਸ਼ੇਰ ਤੋਂ ਵੀ ਖਤਰਨਾਕ ਹੁੰਦੀ, ਇੱਕ ਜ਼ਖ਼ਮੀ ਔਰਤ ਜੋ ਪਹਾੜ ਨਾਲ ਮੱਥਾ ਲਾ ਲਵੇ, ਉਹਦਾ ਵੀ ਰੁੱਖ ਬਦਲ ਸਕਦੀ ਆ,ਪੈਰਾਂ ਥੱਲੇ ਰੋਲ ਸਕਦੀ ਆ, ਕਿਸੇ ਮੈਸ਼ਾਸੁਰ ਤੇ ਭੈਰੋ ਦਾ ਸਿਰ। ਏਸੇ ਤਰਾਂ ਸ਼ਾਮ ਹੋ ਗਈ। ਲੇਬਰ ਟਰੱਕ ਓਹਨਾਂ ਨੂੰ ਵਾਪਸ ਹਾਵੜਾ ਪੁਲ ਦੇ ਥੱਲੇ ਛੱਡ ਗਿਆ।

ਹੁਣ ਸਾਬਰੀ ਦਾ ਇਹ ਰੋਜ ਦਾ ਕੰਮ ਹੋ ਗਿਆ ਸੀ। ਮਾਲਤੀ ਦੇਵੀ ਸੀ ਭਾਵੇਂ ਝੁੱਗੀ ਚ ਰਹਿਣ ਵਾਲੀ ਗਰੀਬ, ਪਰ ਸਾਬਰੀ ਦਾ ਧਿਆਨ ਆਪਣੀ ਬੇਟੀ ਵਾਂਗ ਰੱਖਦੀ ਸੀ।

ਇੱਕ ਦਿਨ ਕੰਮ ਕਰਦੀ ਕਰਦੀ ਸਾਬਰੀ ਚੱਕਰ ਖਾ ਕੇ ਡਿੱਗ ਪਈ । ਉਹਨੂੰ ਕੁੱਝ ਔਰਤਾਂ ਚੁੱਕ ਕੇ ਇੱਕ ਰੁੱਖ ਦੀ ਛਾਂ ਹੇਠ ਲੈ ਗਈਆਂ।
ਉਹਦੇ ਮੂੰਹ ਤੇ ਪਾਣੀ ਛਿੜਕ ਕੇ ਉਹਨੂੰ ਹੋਸ਼ ਚ ਲਿਆਂਦਾ ਗਿਆ। ਸਾਬਰੀ ਨੂੰ ਪੀੜਾਂ ਸ਼ੁਰੂ ਹੋ ਚੁੱਕੀਆਂ ਸਨ। ਉਸਦੀਆਂ ਚੀਕਾਂ ਅਸਮਾਨ ਚੀਰ ਰਹੀਆਂ ਸਨ । ਆਸੇ ਪਾਸੇ ਕੁੱਝ ਕੱਪੜਿਆਂ ਦਾ ਓਹਲਾ ਕਰ ਦਿੱਤਾ ਗਿਆ। ਚੀਕਾਂ ਦੇ ਵਿੱਚੋਂ ਇੱਕ ਕਿਲਕਾਰੀ ਗੂੰਜੀ ਤੇ ਚੀਕਾਂ ਸ਼ਾਂਤ ਹੋ ਗਈਆਂ। ਮਾਲਤੀ ਦੇਵੀ ਦੇ ਕੰਨੀ ਕਿਸੇ ਔਰਤ ਦੀ ਅਵਾਜ਼ ਪਈ,
"ਬਧਾਈ ਹੋ ਮਾਲਤੀ ਦੇਵੀ, ਆਪ ਨਾਨੀ ਬਣ ਗਈ।"

ਮਾਲਤੀ ਦੇਵੀ ਦੀਆਂ ਅੱਖਾਂ ਚ ਖੁਸ਼ੀ ਨਾਲ ਅੱਥਰੂ ਆ ਗਏ । ਉਹ ਰੱਬ ਵੱਲ ਮੂੰਹ ਕਰਕੇ ਦੋਨੋਂ ਹੱਥ ਜੋੜਦੀ ਬੋਲੀ,
"ਐਅ ਭਗਵਾਨ, ਆਪ ਕਾ ਲਾਖ ਲਾਖ ਸ਼ੁਕਰ ਹੈ। ਅਬ ਜਲਦੀ ਸੇ , ਇਸ ਬੱਚੇ ਕਾ ਬਾਪ ਮਿਲਾ ਦੇ।"

ਮਾਲਤੀ ਦੇ ਮੂੰਹੋ ਇਹ ਸ਼ਬਦ ਸੁਣਕੇ, ਸਾਬਰੀ ਦੀਆਂ ਧਾਹਾਂ ਨਿਕਲ ਗਈਆਂ।

ਉਹ ਮਨ ਚ ਬੋਲੀ,"ਨਹੀਂ ਮਾਲਤੀ ਭੈਣ, ਇਹ ਦਾ ਕੋਈ ਪਿਉ ਹੈ ਹੀ ਨਹੀਂ। ਨਹੀਂ ਆ, ਕੋਈ ਏਹਦਾ ਪਿਉ,ਏਹਦੀ ਸਿਰਫ਼ ਮਾਂ.. ਉਹ ਆ ਸਾਬਰੀ,"
ਨਹੀਂ ਨਹੀਂ ਕੱਲੀ ਸਾਬਰੀ, ਸਗੋਂ ਸਾਬਰੀ ਹੀਰ..|

ਸਾਬਰੀ ਬੁੱਧ ਧਰਮ ਨੂੰ ਮੰਨਦੀ ਹੋਣ ਕਰਕੇ, ਬੱਚੇ ਦਾ ਨਾਂ ਮਹਾਤਮਾ ਬੁੱਧ ਦੇ ਬੱਚੇ ਦੇ ਨਾਮ ਤੇ ਰੱਖਿਆ ਗਿਆ,ਰਾਹੁਲ।
ਰਾਹੁਲ ਦੇ ਜਨਮ ਤੋਂ ਤਕਰੀਬਨ 15 ਦਿਨ ਬਾਅਦ ਤੱਕ ਸਾਬਰੀ ਕੰਮ ਤੇ ਨਾ ਜਾ ਸਕੀ।

ਬੱਚੇ ਦੇ ਜਣੇਪੇ ਨੇ ਸਾਬਰੀ ਨੂੰ ਬਿਲਕੁਲ ਕਮਜ਼ੋਰ ਕਰ ਦਿੱਤਾ ਸੀ ।ਪਰ, ਝੁੱਗੀਆਂ ਚ ਕੌਣ ਪੰਜੀਰੀਆਂ ਰਲਾ ਕੇ ਦਿੰਦਾ ਹੁੰਦਾ ਤੇ ਨਾ ਗਰੀਬਾਂ ਦਾ ਕੋਈ ਡਾਈਟ ਪਲੈਨ ਹੁੰਦਾ, ਬੱਸ ਅੰਦਰ ਦੇ ਹੌਸਲੇ ਨਾਲ ਹੀ ਗੁਰਬਤ ਦੇ ਸਾਹਮਣੇ ਖੁਦ ਨੂੰ ਫੇਰ ਪਹਿਲਾਂ ਵਰਗਾ ਕਰ ਲੈਂਦੇ ਆ, ਉਹ।

ਸਾਬਰੀ ਨੇ ਫੇਰ ਕੰਮ ਤੇ ਜਾਣਾ ਸ਼ੁਰੂ ਕਰ ਦਿੱਤਾ। ਹੁਣ, ਉਹ ਰਾਹੁਲ ਨੂੰ ਨਾਲ ਲੈ ਜਾਂਦੀ ਤੇ ਦੋ ਰੁੱਖਾਂ ਦੇ ਵਿਚਾਲੇ ਚੁੰਨੀ ਬੰਨ ਕੇ ਰਾਹੁਲ ਨੂੰ ਉਸ ਵਿੱਚ ਸੁਆ ਕੇ ਆਪ ਕਹੀ ਤੇ ਵੇਲਚਾ ਫੜ ਕੇ ਕੰਮ ਲੱਗ ਜਾਂਦੀ। ਦੁਪਹਿਰ ਦੇ ਖਾਣੇ ਦੇ ਟਾਈਮ ਭੱਜ ਕੇ ਆ ਕੇ ਰਾਹੁਲ ਨੂੰ ਗਲ ਨਾਲ ਲਾ ਲੈਂਦੀ । ਆਪ ਕੁਝ ਖਾਣ ਤੋਂ ਪਹਿਲਾਂ ਉਹ ਆਪਣੇ ਜਿਗਰ ਦੇ ਟੋਟੇ ਨੂੰ ਦੁੱਧ ਚੰਘਾਉਂਦੀ, ਜੇ ਉਸ ਤੋਂ ਬਾਅਦ ਟਾਈਮ ਬੱਚਦਾ, ਤਾਂ ਕੁਝ ਖਾ ਲੈਂਦੀ ,ਨਹੀਂ ਤਾਂ ਓਵੇਂ ਹੀ ਭੁੱਖੀ ਪਿਆਸੀ ਕੰਮ ਤੇ ਲੱਗ ਜਾਂਦੀ । ਐਵੇਂ ਨੀ ,ਕਿਸੇ ਨੇ ਮਾਂ ਨੂੰ ਰੱਬ ਦਾ ਦਰਜਾ ਦੇ ਦਿੱਤਾ। ਜੇ ਕਿਤੇ ਬੱਚਾ ਰਾਤ ਨੂੰ ਬਿਸਤਰੇ ਤੇ ਪਿਸ਼ਾਬ ਕਰ ਦੇਵੇ ਤਾਂ ਗਿੱਲੇ ਥਾਂ ਮਾਂ ਆਪ ਸੌਂ ਜਾਂਦੀ ਆ ਪਰ ਪੁੱਤ ਨੂੰ ਸੁੱਕੇ ਪਾਸੇ ਸਵਾ ਦਿੰਦੀ ਆ ।

ਹੁਣ, ਸਾਬਰੀ ਨੂੰ ਇੱਕ ਜੀਣ ਦੀ ਵਜ੍ਹਾ ਮਿਲ ਗਈ ਸੀ। ਹੁਣ, ਰਾਹੁਲ ਹੀ ਓਹਦੀ ਦੁਨੀਆਂ ਸੀ। ਹੁਣ , ਰਾਹੁਲ ਨੇ ਰਿੜਣਾ ਸਿੱਖ ਲਿਆ ਸੀ।

ਸਾਬਰੀ ਜਦ ਰਾਹੁਲ ਨੂੰ ਹੱਸਦੇ ਖੇਡਦੇ ਦੇਖਦੀ, ਉਹਦੀ ਸਾਰੀ ਥਕਾਵਟ ਉੱਤਰ ਜਾਂਦੀ । ਇੱਕ ਦਿਨ ਜਦ ਓਹਨੇ ਤੋਰਨ ਲਈ ਰਾਹੁਲ ਨੂੰ ਖੜ੍ਹਾ ਕੀਤਾ, ਤਾਂ ਉਹ ਡਿੱਗ ਪਿਆ। ਜਦ ਫੇਰ ਖੜ੍ਹਾ ਕੀਤਾ, ਉਹ ਫਿਰ ਡਿੱਗ ਗਿਆ ।

ਸਾਬਰੀ ਨੂੰ ਫਿਕਰ ਹੋਣ ਲੱਗੀ ਸੀ ਕਿਉਂਕਿ ਰਾਹੁਲ ਖੜ੍ਹਾ ਨੀ ਸੀ ਹੋ ਰਿਹਾ ।

ਡਾਕਟਰ ਨੂੰ ਦਿਖਾਇਆ ਗਿਆ ।
ਓਹਨੇ ਕਿਹਾ,"ਕੇ ਜਨਮ ਤੋਂ ਪਹਿਲਾਂ ਹੀ ਬੱਚੇ ਦੇ ਚੋਟ ਲੱਗੀ ਸੀ।"
ਸਾਬਰੀ ਨੂੰ ਯਾਦ ਆਇਆ, ਜਦ ਇੱਕ ਰਾਤ ਉਹ ਪੱਥਰ ਦੀ ਠੋਕਰ ਖਾ ਕੇ ਜ਼ਮੀਨ ਤੇ ਡਿੱਗੀ ਸੀ, ਉਹਦਾ ਪੇਟ ਸੜਕ ਤੇ ਵੱਜਾ ਸੀ।
ਸਾਬਰੀ ਦਾ ਰੋਣਾ ਨਿੱਕਲ ਗਿਆ ਕਿਉਂਕਿ ਉਹਦਾ ਕੱਲਾ ਕੱਲਾ ਪੁੱਤਰ,ਉਹ ਵੀ ਤੁਰ ਨੀ ਸਕਦਾ।

ਪਰ, ਹੌਸਲਾਂ ਛੱਡਿਆ ਵੀ, ਕੀ ਬਣਨਾ ਸੀ। ਨਾਲੇ ,ਜੇ ਰੱਬ ਤੇ ਹੰਝੂਆਂ ਦਾ ਅਸਰ ਹੁੰਦਾ,ਤਾਂ ਉਦੋਂ ਹੀ ਹੋ ਜਾਣਾ ਸੀ ,ਜਦ ਉਹਦੇ ਪਿਓ ਨੇ ਓਹਨੂੰ ਹੀਰ ਕਹਿ ਕੇ ਘਰੋਂ ਕੱਢਿਆ ਸੀ। ਉਸੇ ਦਿਨ ਹੀ ਜੁੜਿਆ ਸੀ, ਸਾਬਰੀ ਦੇ ਨਾਂ ਨਾਲ ਹੀਰ ਸ਼ਬਦ ।

ਰਾਹੁਲ ਡੇਢ ਸਾਲ ਦਾ ਹੋ ਚੁੱਕਾ ਸੀ। ਜਿਥੇ ਸਾਬਰੀ ਬਿਠਾ ਜਾਂਦੀ ਓਥੇ ਹੀ ਬੈਠਾ ਰਹਿੰਦਾ । ਜਦ ਸਾਬਰੀ ਰਾਹੁਲ ਦੇ ਕਿਸੇ ਹਾਣੀ ਨੂੰ ਆਪਣੀ ਮਾਂ ਦੀ ਸਾੜੀ ਦਾ ਲੜ ਫੜ ਕੇ ਮਗਰ ਮਗਰ ਤੁਰਦਿਆਂ ਦੇਖਦੀ, ਓਹਦਾ ਰੋਣਾ ਨਿਕਲ ਜਾਂਦਾ । ਕਿਉਂਕਿ ਉਹਦਾ ਪਿਓ ਬਾਹਰਾ ਪੁੱਤ ( ਜਿਸ ਦਾ ਪਿਓ ਨਾ ਹੋਵੇ ) ਚੁੱਪ ਚਾਪ ਉਥੇ ਹੀ ਬੈਠਾ ਰਹਿੰਦਾ ਜਿੱਥੇ ਸਾਬਰੀ ਬਿਠਾ ਜਾਂਦੀ ਸੀ । ਉਹ ਦੂਜੇ ਬੱਚਿਆਂ ਵਾਂਗ ਨਾ ਰੋਂਦਾ, ਨਾ ਕੋਈ ਜ਼ਿਦ ਕਰਦਾ, ਜਿਵੇਂ ਉਹਨੂੰ ਆਪਣੀ ਮਾਂ ਸਾਬਰੀ ਦੇ ਦੁੱਖ ਸਮਝ ਆ ਗਏ ਹੁੰਦੇ ਆ। ਜਿਵੇਂ ਉਹ ਮਾਸੂਮ ਆਪਣੀ ਮਾਂ ਦੀ ਉਸ ਪੀੜ ਨੂੰ ਸਮਝ ਗਿਆ ਹੁੰਦਾ , ਜਿਸਨੂੰ ਸਮਾਜ ਸਮਝ ਹੀ ਨਹੀਂ ਸੀ ਸਕਿਆ।

ਜਦ ਸਾਬਰੀ ਕੰਮ ਕਰਦੀ ,ਉਹਦੇ ਵੱਲ ਦੇਖਦੀ ,ਉਹ ਅੱਗੋਂ ਮੁਸਕਰਾ ਦਿੰਦਾ।
ਉਹਦੀ ਇੱਕ ਮੁਸਕਰਾਟ ਸਾਬਰੀ ਦੇ ਸਰੀਰ ਚ ਤਾਕ਼ਤ ਭਰ ਜਾਂਦੀ ਤੇ ਉਹ ਫ਼ਿਰ ਪਾਗਲਾਂ ਵਾਂਗ ਕੰਮ ਕਰਨ ਲੱਗ ਜਾਂਦੀ।

ਪਰ, ਜਿਵੇਂ ਵਿਹੋ ਮਾਤਾ ਨੂੰ ਵੀ ਸਾਬਰੀ ਦੀਆਂ ਖੁਸ਼ੀਆਂ ਮਨਜ਼ੂਰ ਨਹੀਂ ਸਨ ਕਿਉਂਕਿ ਜ਼ਿੰਦਗੀ ਦੀ ਕਹਾਣੀ ਲਿਖਣ ਵਾਲੀ ਕਲਮ ਤਾਂ ਉਹਦੇ ਹੱਥ ਸੀ।

ਇੱਕ ਦਿਨ ਕੰਮ ਤੇ ਪੱਲੀ ਵਿਛਾ ਕੇ ਰੁੱਖ ਦੀ ਛਾਵੇਂ ਰਾਹੁਲ ਨੂੰ ਲਿਟਾ ਕੇ ਸਾਬਰੀ ਕੰਮ ਕਰਨ ਜਾ ਲੱਗੀ। ਜਦ ਦੁਪਹਿਰ ਦੀ ਰੋਟੀ ਦੇ ਟਾਈਮ ਉਹਨੇ ਆਹ ਕੇ ਰਾਹੁਲ ਨੂੰ ਦੇਖਿਆ ਤਾਂ ਉਹਦਾ ਪਿੰਡਾਂ ਬੁਖ਼ਾਰ ਨਾਲ ਤਪ ਰਿਹਾ ਸੀ।

ਅੱਜ ਠੇਕੇਦਾਰ ਵੀ ਨਹੀਂ ਸੀ ਆਇਆ ,ਕੁਝ ਪੈਸੇ ਸਾਬਰੀ ਕੋਲ ਸਨ ਤੇ ਕੁੱਝ ਮਾਲਤੀ ਕੋਲ ਦੋਵੇਂ ਮੂੰਹ ਬੋਲੀਆਂ ਮਾਵਾਂ ਧੀਆਂ ਰਾਹੁਲ ਨੂੰ ਲੈ ਕੇ ਕੋਲਕੱਤੇ ਦੇ ਸਰਕਾਰੀ ਹਸਪਤਾਲ ਪਹੁੰਚ ਗਈਆਂ।

ਜਦ ਨਰਸ ਨੇ ਚੈੱਕ ਕੀਤਾ ਤਾਂ ਰਾਹੁਲ ਨੂੰ 103 ਬੁਖ਼ਾਰ ਸੀ ਤੇ ਰਾਹੁਲ ਨੂੰ ਐਡਮਿਟ ਕਰ ਲਿਆ ਗਿਆ ਤੇ ਉਹ ਦੋਨੋਂ ਬਾਹਰ ਬੈਠ ਕੇ ਡਾਕਟਰ ਦੇ ਜਵਾਬ ਦਾ ਇੰਤਜ਼ਾਰ ਕਰਨ ਲੱਗੀਆਂ ।

ਡਾਕਟਰ ਆਉਂਦਾ, ਸਾਬਰੀ ਦੇ ਹੱਥ ਪਰਚੀ ਦਿੰਦਾ ਬੋਲਿਆ ,"ਜਲਦੀ ਨਾਲ ਇਹ ਦਵਾਈਆਂ ਲੈ ਆਓ।"
ਉਹਨਾਂ ਕੋਲ ਜਿੰਨੇ ਪੈਸੇ ਸਨ ,ਉਹ ਤਾਂ ਪਹਿਲਾਂ ਹੀ ਖਰਚ ਹੋ ਚੁੱਕੇ ਸਨ।ਸਾਬਰੀ ਮਾਲਤੀ ਦੇ ਮੂੰਹ ਵੱਲ ਦੇਖ ਰਹੀ ਸੀ ਤੇ ਮਾਲਤੀ ਸਾਬਰੀ ਦੇ ਮੂੰਹ ਵੱਲ।

ਆਖ਼ਿਰ ਮਾਲਤੀ ਨੇ ਕੰਨਾਂ ਚੋਂ ਆਪਣੀਆਂ ਮਾਂ ਵੱਲੋ ਬਣਾ ਕੇ ਪਾਈਆਂ ਨਿੱਕੀਆਂ ਨਿੱਕੀਆਂ ਸੋਨੇ ਦੀਆਂ ਵਾਲੀਆਂ ਲਾਹੀਆਂ ਤੇ ਸਾਬਰੀ ਦੇ ਹੱਥ ਤੇ ਧਰਦੀ ਬੋਲੀ,
" ਬੇਟੀ ਯੇਹ ਲੇ ਜਾਓ, ਬਗਲ ਮੇਂ ਸੁਨਿਆਰ ਕੀ ਦੁਕਾਨ ਪਰ ਯੇਹ ਦੇ ਕਰ ਉਸ ਪੈਸੇ ਦਵਾਈ ਲੇ ਆਉ।"

ਸਾਬਰੀ ਮਾਲਤੀ ਦੇ ਗਲ ਨੂੰ ਚਿੰਬੜ ਗਈ ਤੇ ਬੋਲੀ ਮਾਂ ਮੈਨੂੰ ਲੱਗਦਾ ਸੀ ਰੱਬ ਨਾਂ ਦੀ ਕੋਈ ਚੀਜ਼ ਨਹੀਂ ਆ, ਪਰ ਰੱਬ ਸੱਚੀਂ ਹੈਗਾ,ਸੱਚੀਂ ਹੈਗਾ ਰੱਬ , 'ਮਾਂ ,ਉਹ ਸੱਚੀਂ ਹੈਗਾ ,ਅੱਜ ਮੈਂ ਓਹਦੇ ਦਰਸ਼ਨ ਕੀਤੇ ਆ।

ਸਾਬਰੀ ਚੁੱਪ ਚਾਪ, ਮਾਲਤੀ ਦੀਆਂ ਵਾਲੀਆਂ ਲੈ ਕੇ ਹਸਪਤਾਲ ਤੋਂ ਬਾਹਰ ਨਿੱਕਲ ਗਈ।

ਜਦ ਸਾਬਰੀ ਸੁਨਿਆਰ ਦੀ ਦੁਕਾਨ ਤੇ ਪਹੁੰਚੀ ,ਤਾਂ ਪਹਿਲਾਂ, ਤਾਂ ਸੁਨਿਆਰੇ ਨੇ ਵਾਲੀਆਂ ਨੂੰ ਦੇਖਿਆ ਤੇ ਫ਼ੇਰ ਪਾਟੇ ਕੱਪੜਿਆਂ ਚ ਖੜੀ ਸਾਬਰੀ ਨੂੰ।
ਫ਼ੇਰ ਮੂੰਹ ਵਿਚਲੇ ਪਾਨ ਦਾ ਥੁੱਕ ਕੋਲ ਪਈ ,ਕੂੜੇ ਵਾਲੀ ਬਾਲਟੀ ਚ ਸੁੱਟਦਾ ,ਗੁੱਸੇ ਚ ਸਾਬਰੀ ਨੂੰ ਬੋਲਿਆ,"ਸੱਚ ਸੱਚ ਬਤਾ ਸਾਲੀ, ਕਿਸ ਕੇ ਚੋਰੀ ਕਰਕੇ ਲਾਈ ਹੈ ?"

ਸਾਬਰੀ ਓਹਦੀ ਕੜਕਵੀਂ ਆਵਾਜ਼ ਸੁਣਕੇ ਕੰਬ ਗਈ ਤੇ ਥੜਕਵੀਂ ਅਵਾਜ਼ ਚ ਬੋਲੀ,"ਸਾਹਬ ਹਮ ਗ਼ਰੀਬ ਜ਼ਰੂਰ ਹੈਂ, ਲੇਕਿਨ ਚੋਰ ਨਹੀਂ।"

ਫਿਰ ਸਾਬਰੀ ਦੀਆਂ ਅੱਖਾਂ ਚ ਹੰਝੂ ਆ ਗਏ,ਕਿਉਂਕਿ ਇਹ ਦੁਨੀਆਂ ਬੜੀ ਗੰਦੀ ਚੀਜ਼ ਆ । ਇਹ ਤੁਹਾਨੂੰ ਤੁਹਾਡੇ ਪਹਿਰਾਵੇ ਤੋਂ ਪਹਿਚਾਣ ਦੀ ਆ ।
ਲੱਖਾਂ ਲੋਕਾਂ ਦੇ ਹੱਕ ਖਾ ਕੇ,ਗੱਡੀ ਚ ਦੁੱਧ ਵਰਗਾ ਚਿੱਟਾ ਗਾਂਧੀ ਖੱਦਰ ਦਾ ਕੁੜਤਾ ਪਜਾਮਾਂ ਪਾ ਕੇ ਆਉਣ ਵਾਲੇ ਨੂੰ, ਦੁਨੀਆਂ ਝੁਕ ਕੇ ਸਲਾਮ ਕਰਦੀ ਆ। ਕਿਸੇ ਦੀ ਜ਼ੁਬਾਨ ਚ ਐਨੀ

ਤਾਕ਼ਤ ਨੀ ਹੁੰਦੀ , ਕੇ ਕੋਈ ਉਸ ਲੱਖਾਂ ਗਰੀਬਾਂ ਦਾ ਹੱਕ ਖਾਣ ਵਾਲੇ ਨੂੰ ਚੋਰ ਕਹਿ ਸਕੇ,ਕਿਉਂਕਿ ਦੁਨੀਆਂ ਤਕੜੇ ਅੱਗੇ ਝੁੱਕਣ ਵਾਲੀ ਇੱਕ ਗੁਲਾਮਾਂ ਦੀ ਮੰਡੀ ਆ।

ਉਹ ਫ਼ੇਰ ਬੋਲਿਆ,"ਅਭੀ ਬੁਲਾਤਾ ਹੂੰ, ਪੁਲਿਸ ਕੋ, ਜਬ ਲੱਗੀ ਦੋ ਕਾਨ ਕੇ ਨੀਚੇ,ਤੇਰਾ ਤੋ ਬਾਪ ਭੀ ਬਤਾਏਗਾ,ਕਿਸ ਕੇ ਚੋਰੀ ਕੀਏ ਹੈਂ,,, ਉਹਨੇ ਬਾਹਰ ਚੌਕ ਚ ਡਿਊਟੀ ਕਰ ਰਹੇ ,ਹੌਲਦਾਰ ਨੂੰ ਆਵਾਜ਼ ਮਾਰ ਲਈ।"

ਹੌਲਦਾਰ ਨੇ ਆਉਂਦੇ ਹੀ ਸਾਬਰੀ ਨੂੰ ਹਵਸ ਭਰੀਆਂ ਨਿਗ੍ਹਾਵਾਂ ਨਾਲ ਦੇਖਿਆ ਤੇ ਫ਼ੇਰ ਸੁਨਿਆਰੇ ਨੂੰ ਬੰਗਾਲੀ ਚ ਬੋਲਿਆ ,"ਕੈਮਨ ਆਸ਼ੇ ਬੰਧੂ (ਕੀ ਹਾਲ ਨੇ ਦੋਸਤ )।"

ਸੁਨਿਆਰਾ ਵੀ ਅੱਗੋਂ ਬੰਗਾਲੀ ਚ ਬੋਲਿਆ,"ਹਮੀ ਏਕ ਦਮ ਬਾਹਲੋ ਵਾਸ਼ੀ ਬੰਧੂ ,ਈਕਣ ਆਸ਼ੋ (ਮੈਂ ਪੂਰੀ ਤਰਾਂ ਠੀਕ ਆ ਦੋਸਤ ,ਉਰੇ ਆ )।"
ਸੁਨਿਆਰੇ ਨੇ ਹੌਲਦਾਰ ਦੇ ਕੰਨ ਚ ਰੱਬ ਜਾਣੇ ਕੀ ਫੂਕ ਮਾਰੀ,ਉਹ ਸਾਬਰੀ ਦੁਆਲੇ ਹੋ ਗਿਆ।

" ਅੱਛਾ ਆਜ ਹਾਥ ਆਈ ਤੂ , ਜੋ ਗਹਿਣੇ ਤੀਨ ਦਿਨ ਪਹਿਲੇ ਚੋਰੀ ਹੂਏ ਥੇ, ਬਤਾ ਬਾਕੀ ਗਹਿਣੇ ਕਹਾਂ ਪਰ ਹੈ।"

ਹੌਲਦਾਰ ਓਹਦੇ ਪਾਟੇ ਕੱਪੜਿਆਂ ਚੋਂ ਓਹਦੇ ਅੰਗਾਂ ਦਾ ਚੀਰਹਰਣ ਕਰ ਰਿਹਾ ਸੀ।
ਜੇ ਦੇਖਿਆ ਜਾਵੇ ,ਇਹ ਵੀ ਓਦਾਂ ਦੇ ਹੀ ਅੰਗ ਸਨ, ਜਿੱਦਾਂ ਦੇ ਘਰ, ਉਹਦੀ ਭੈਣ, ਮਾਂ ,ਪਤਨੀ ਤੇ ਬੇਟੀ ਦੇ ਸਨ। ਪਰ, ਘਰ ਦੀਆਂ ਔਰਤਾਂ ਚੋਂ ਤਾਂ ਸਾਨੂੰ ਸੀਰਤਾਂ ਦਿਸਦੀਆਂ, ਸੂਰਤਾਂ ਤਾਂ ਸਾਨੂੰ ਬਾਹਰ ਵਾਲੀਆਂ ਔਰਤਾਂ ਚੋਂ ਹੀ ਦਿਸਦੀਆਂ ਹੁੰਦੀਆਂ ।

ਸਾਬਰੀ ਆਪਣੇ ਮੋਢੇ ਕੋਲੋਂ ਪਾਟੇ ਬਲਾਊਜ਼ ਨੂੰ ਹੱਥ ਨਾਲ ਢੱਕਦੀ ਬੋਲੀ,"ਮੈਂਨੇ ਕੋਈ ਚੋਰੀ

ਨਹੀਂ ਕੀ ਸਾਬ੍ਹ ,'ਮਾਂ ਕਸਮ' ,ਮੈਂਨੇ ਕੋਈ ਚੋਰੀ ਨਹੀਂ ਕੀ,ਆਖਦੇ ਆਖਦੇ ਸਾਬਰੀ ਦਾ ਰੋਣ ਨਿਕਲ ਗਿਆ।"

ਸੁਨਿਆਰ ਜਿਵੇਂ ਆਪਣੀ ਚਾਲ ਚ ਕਾਮਯਾਬ ਹੋ ਗਿਆ ਸੀ ,ਬੋਲਿਆ,
"ਦੇਖ ਲੜਕੀ ,ਅਗਰ ਪੁਲਿਸ ਪਕੜ ਕਰ ਲੇ ਗਯਾ ਤੋ ਕੁਝ ਨਹੀਂ ਮਿਲੇਗਾ ,ਪਟਾਈ ਹੋ ਗੀ ਸੋ ਅਲਗ ,ਮੇਰੀ ਬਾਤ ਸੁਣ ,ਵੈਸੇ ਤੋ ਮੈਂ ਚੋਰੀ ਕਾ ਮਾਲ ਖ਼੍ਰੀਦਤਾ ਨਹੀਂ ਹੂੰ, ਲੇਕਿਨ ਤੇਰੀ ਗਰੀਬੀ ਪੇ ਤਰਸ ਆ ਰਹਾ ਹੈ ,ਇਸੀ ਲੀਏ, ਜੇ ਪਕੜੋ 2000 ਰੁਪਏ ,ਔਰ ਰਫ਼ੂ ਚੱਕਰ ਹੋ ਜਾਓ ,ਹੌਲਦਾਰ ਕੇ ਸਾਥ ਮੈਂ ਖੁਦ ਸੈੱਟ ਕਰ ਲੂੰ ਗਾ।"

"ਪਰ ,ਇਨਕੀ ਕੀਮਤ ਤੋ ਕਮ ਸੇ ਕਮ ਪਾਂਚ ਹਜ਼ਾਰ ਹੈ" ,ਸਾਬਰੀ ਨੇ ਆਖ਼ਰੀ ਤਰਲਾ ਮਾਰਿਆ।

ਯੇਹ ਲੇਨੇ ਹੈ ਲੋ, ਨਹੀਂ ਤੋ ਪਕੜੋ ਅਪਣੀ ਵਾਲੀਆਂ, ਔਰ ਜਾਓ ਹੌਲਦਾਰ ਕੇ ਸਾਥ।

ਸਾਬਰੀ ਦੀਆਂ ਅੱਖਾਂ ਅੱਗੇ, ਰਾਹੁਲ ਦਾ ਤੜਪਦਾ ਚਿਹਰਾ ਆ ਗਿਆ ,ਉਹ ਭਰੇ ਹੋਏ ਮਨ ਨਾਲ 2000 ਫੜ ਕੇ ਦੁਕਾਨ ਤੋਂ ਬਾਹਰ ਆ ਗਈ ।

ਹੌਲਦਾਰ ਵੀ ਸੁਨਿਆਰੇ ਤੋਂ ਲੈ ਕੇ ਹਜ਼ਾਰ ਰੁਪਈਆ ਜੇਬ ਚ ਪਾਉਂਦਾ ,ਮੂੰਹ ਨਾਲ ਸੀਟੀ ਵਜਾਉਂਦਾ ਤੇ ਡੰਡਾ ਘਮਾਉਂਦਾ ਬਾਹਰ ਆ ਗਿਆ।

ਸਾਬਰੀ ਜਲਦੀ ਨਾਲ ਮੈਡੀਕਲ ਸਟੋਰ ਤੇ ਗਈ ਕਿਉਂਕਿ ਪਹਿਲਾਂ ਹੀ ਉਸਨੂੰ ਬਹੁਤ ਦੇਰ ਹੋ ਚੁੱਕੀ ਸੀ।
ਓਧਰ ਰਾਹੁਲ ਬੁਖ਼ਾਰ ਨਾਲ ਤੜਪ ਰਿਹਾ ਸੀ।

ਜਦ ਸਾਬਰੀ ਦਵਾਈ ਲੈ ਕੇ ਹਸਪਤਾਲ ਪਹੁੰਚੀ ਤਾਂ ਰਾਹੁਲ ਤੇ ਚਿੱਟਾ ਕੱਪੜਾ ਦਿੱਤਾ ਹੋਇਆ ਸੀ।ਓਹਦੇ ਕੋਲ ਬੈਠੀ ਰੋ ਰਹੀ ਮਾਲਤੀ ਨੇ ਸਾਬਰੀ ਨੂੰ ਵੇਖ ਕੇ ਰੋਂਦਿਆਂ ਹੋਇਆ, ਨਾਂਹ ਚ ਸਿਰ ਹਿਲਾਇਆ।

ਸਾਬਰੀ ਦੇ ਹੱਥ ਚ ਫੜ੍ਹਿਆ ਦਵਾਈਆਂ ਵਾਲਾ ਲਿਫ਼ਾਫ਼ਾ ਫਰਸ਼ ਤੇ ਵੱਜਾ ਤੇ ਕੱਚ ਦੀ ਸ਼ੀਸ਼ੀ ਟੁੱਟਣ ਦਾ ਇੱਕ ਖੜਾਕ ਹੋਇਆ ਤੇ ਲਾਲ ਜਹੀ ਲਹੂ ਵਰਗੀ ਸ਼ਹਿਦ ਵਾਂਗ ਗਾੜੀ ਜਹੀ ਦਵਾਈ ਸਾਰੇ ਫਰਸ਼ ਤੇ ਫੈਲ ਗਈ। ਸਾਬਰੀ ਜਾ ਇੱਕਦਮ ਰਾਹੁਲ ਦੇ ਬੈੱਡ ਕੋਲ ਗੋਡਿਆਂ ਭਾਰ ਡਿੱਗ ਪਈ । ਓਹਦੇ ਹੰਝੂ ਅੱਖਾਂ ਚੋਂ ਨਿਕਲ ਗੱਲ਼ਾਂ ਉੱਤੋਂ ਦੀ ਹੁੰਦੇ ਹੋਏ, ਉਹਦੀ ਹਿੱਕ ਤੇ ਡਿੱਗ ਰਹੇ ਸਨ ।

ਓਹਦੇ ਦਿਲ ਚੋਂ ਇੱਕ ਵਿਰਾਗਮਈ ਬੋਲਾਂ ਦਾ ਜ਼ਲਜ਼ਲਾ ਉੱਠਿਆ

ਪੁੱਤ ਮੇਰੇ ਕੋਲੋਂ ਖੋਹ ਕੇ ਤੂੰ ,ਜੀਣ ਦੀ ਵਜ੍ਹਾ ਲੈ ਗਿਆ ।
ਦੱਸ ਕਿਹੜੇ ਜ਼ੁਲਮਾਂ ਦੀ ਪੁੱਤ,ਮਾਂ ਨੂੰ ਸਜ਼ਾ ਦੇ ਗਿਆਂ।
ਤੇਰੇ ਨਾਲ ਆਈ ਸੀ, ਪੁੱਤ ਜ਼ਿੰਦਗੀ ਚ ਬਹਾਰ ਵੇ ..
ਆਪ ਚਲਾ ਗਿਆਂ ਤੂੰ ,ਮੈਨੂੰ ਤੂੰ ਗਿਆਂ ਏ ਮਾਰ ਵੇ ..
ਕਾਹਤੋਂ ਹੰਝੂਆਂ ਨਾਲ ਭਿੱਜੀ ਹੋਈ ਹਵਾ ਦੇ ਗਿਆਂ ।
ਪੁੱਤ ਮੇਰੇ ਕੋਲੋਂ ਖੋਹ ਕੇ ਤੂੰ ,ਜੀਣ ਦੀ ਵਜ੍ਹਾ ਲੈ ਗਿਆ ।
ਦੱਸ ਕਿਹੜੇ ਜ਼ੁਲਮਾਂ ਦੀ ਪੁੱਤ,ਮਾਂ ਨੂੰ ਸਜ਼ਾ ਦੇ ਗਿਆਂ ।

ਉਥੇ ਤੈਨੂੰ ਵੇਖ ਵੇਖ ਪੁੱਤ ,ਹੱਸਣਾ ਕਿਸੇ ਨੀਂ ,
ਤੈਥੋਂ ਤੁਰ ਨਹੀਂਓ ਹੋਣਾ ,ਤੈਨੂੰ ਚੱਕਣਾ ਕਿਸੇ ਨੀ ,
ਉਥੇ ਕੋਈ ਨਹੀਂਓ ਤੇਰਾ ਜਿਹੜੇ ਰਾਹ ਪੈ ਗਿਆ ।
ਪੁੱਤ ਮੇਰੇ ਕੋਲੋਂ ਖੋਹ ਕੇ ਤੂੰ ,ਜੀਣ ਦੀ ਵਜ੍ਹਾ ਲੈ ਗਿਆ ।

ਦੱਸ ਕਿਹੜੇ ਜ਼ੁਲਮਾਂ ਦੀ ਪੁੱਤ,ਮਾਂ ਨੂੰ ਸਜ਼ਾ ਦੇ ਗਿਆਂ ।

ਸਾਬਰੀ ਦਾ ਜਾਣੋ ਕਾਲਜਾ ਪਾਟ ਗਿਆ ਹੋਵੇ ,ਉਹ ਦੋਵੇਂ ਹੱਥਾਂ ਨਾਲ ਸਿਰ ਦੇ ਵਾਲ ਪੱਟਦੀ ਰੱਬ ਵੱਲ ਮੂੰਹ ਕਰਦੀ ਬੋਲੀ ...

ਦੱਸ ਰੱਬਾ ਐਸਾ ਕੀ ਗੁਨਾਹ ਕੀਤਾ ਸੀ ਮੈਂ ?
ਜੋ ਤੂੰ ਹਰ ਸਜ਼ਾ ਦੇਣ ਲਈਂ ਮੈਨੂੰ ਹੀ ਚੁਣ ਲਿਆ ,ਖੋਹ ਕੇ ਲੈ ਜਾਨਾ ਤੂੰ ਲੁਟੇਰਿਆਂ ਵਾਂਗੂ ਮੇਰੀ ਹਰ ਖੁਸ਼ੀ!!

ਜੇ ਤੇਰਾ ਹਲੇ ਵੀ ਢਿੱਡ ਨੀਂ ਭਰਿਆ ਤਾਂ ਮੇਰੇ ਸਾਹ ਚੱਲ ਰਹੇ ਨੇ ਮੈਨੂੰ ਵੀ ਸੱਦ ਲਾ ਆਪਣੇ ਕੋਲ ,ਸ਼ਾਇਦ ਤੇਰੇ ਕਾਲਜੇ ਠੰਡ ਪੈ ਜਾਵੇ |

ਪਰ ਰੱਬ ਸਿਰਫ ਫੈਸਲੇ ਕਰਦਾ ਹੁੰਦਾ ਕਦੇ ਬੋਲਿਆ ਨੀ ਕਰਦਾ ,ਓਹਦੇ ਰੰਗਾਂ ਨੂੰ ਉਹੀ ਜਾਣਦਾ ਕੇ ਉਹਨੇ ਕੀ ਖੇਡ ਰਚਾ ਰੱਖੀ ਆ |

ਸਾਬਰੀ ਹਿੰਮਤ ਕੱਠੀ ਕਰਦੀ ਉੱਠੀ,,ਸੂਰਜ ਛਿਪਣ ਤੋਂ ਪਹਿਲਾਂ ਪਹਿਲਾਂ ਮਾਂ ਦੇ ਲੱਤਾਂ ਤੋਂ ਅਹਾਰੀ (ਹੈਂਡੀਕੈਪ )ਪੁੱਤ ਦਾ ਸਿਵਾ ਬਾਲ ਦਿੱਤਾ ਗਿਆ ,ਪੱਛਮ ਚ ਡੁੱਬਦੇ ਸੂਰਜ ਦੀ ਲਾਲੀ ਤੇ ਰਾਹੁਲ ਦੀ ਚਿਖਾ ਚੋਂ ਉੱਠਦੀਆਂ ਅੱਗ ਦੀਆਂ ਲਾਲ ਲਾਟਾਂ ਇੱਕ ਮਿੱਕ ਹੋ ਰਹੀਆਂ ਸਨ |

ਮਾਲਤੀ ਨੇ ਬੜੀ ਮੁਸ਼ਕਿਲ ਨਾਲ ਸਾਬਰੀ ਨੂੰ ਸੰਭਾਲ ਰੱਖਿਆ ਸੀ ,ਜੋ ਵਾਰ ਚਿਖਾ ਵੱਲ ਭੱਜ ਰਹੀ ਸੀ |

ਆਖ਼ਿਰ ਰਾਹੁਲ ਦੀ ਚਿਖਾ ਠੰਡੀ ਹੋ ਗਈ ,ਏਹੀ ਆਖ਼ਰੀ ਰਿਸ਼ਤਾ ਸੀ ਸਾਬਰੀ ਦਾ ਦੁਨੀਆਂ ਨਾਲ ,ਜੋ ਹੁਣ ਸੜ ਕੇ ਸਵਾਹ ਹੋ ਗਿਆ ਸੀ |

ਅਗਲੇ ਦਿਨ ਰਾਹੁਲ ਦੇ ਫੁੱਲ ਚੁਗ ਲਏ ਗਏ ,ਜਦ ਸਾਬਰੀ ਉਹਨਾਂ ਫੁੱਲਾਂ ਨੂੰ ਜਲ ਪ੍ਰਵਾਹ ਕਰਨ ਲੱਗੀ ਤਾਂ ਰੱਬ ਪ੍ਰਤੀ ਓਹਦਾ ਗੁੱਸਾ ਫਿਰ ਫੁੱਟ ਪਿਆ |ਪਤਾ ਨੀਂ ਉਹ ਰੱਬ ਨੂੰ ਕਿੰਨਾ ਬੁਰਾ ਭਲਾ ਬੋਲਦੀ ਰਹਿੰਦੀ ਅਗਰ ਕੋਈ ਭਿਕਸ਼ੂ ਆ ਕੇ ਓਹਦੇ ਸਿਰ ਤੇ ਹੱਥ ਨਾ ਧਰਦਾ |

ਬੇਟਾ ...ਭਗਵਾਨ ਕੋ ਕਭੀ ਕੋਸਾ ਨਹੀਂ ਕਰਤੇ ,ਹਮ ਇਤਨੇ ਸਮਝਦਾਰ ਨਹੀਂ ਹੂਏ ਕੇ ਉਸ ਕੋ ਸਮਝ ਸਕੇ !
ਵੋਹ ਜੋ ਭੀ ਕਰ ਤਾ ਹਮਾਰੀ ਭਲਾਈ ਕੇ ਲੀਏ ਕਰਤਾ ਹੈ |

ਲੇਕਿਨ ਬਾਬਾ ਮੇਰੇ ਬੇਟੇ ਨੇ ਕਯਾ ਬਿਗਾੜਾ ਥਾ ਆਪ ਕੇ ਭਗਵਾਨ ਕਾ ,ਵੋਹ ਬਿਚਾਰਾ ਤੋ ਚੱਲ ਭੀ ਨਹੀਂ ਸਕਤਾ ਥਾ |

ਦੇਖੋ ਬੇਟੀ ਆਪ ਨੇ ਬੋਲਾ ਵੋਹ ਚੱਲ ਭੀ ਨਹੀਂ ਸਕਤਾ ਥਾ, ਜਬ ਬੜਾ ਹੋ ਜਾਤਾ, ਕਿਤਨੀ ਤਕਲੀਫ ਹੋਤੀ ਜਬ ਉਸੇ ਕੰਧੇ ਪੇ ਉਠਾ ਕਰ ਘੂਮਤੀ,
ਕਿਤਨਾ ਰੋਤੀ ਤੂੰ ਜਬ ਸ਼ਾਦੀ ਕੇ ਲੀਏ ਹਰ ਲੜਕੀ ਉਸੇ ਅੰਗਹੀਣ ਕਹਿ ਕਰ ਠੁਕਰਾ ਦੇਤੀ,
ਇਸੀ ਲੀਏ ਭਗਵਾਨ ਜੋ ਭੀ ਕਰਤਾ ਹੈ ਅੱਛਾ ਕਰਤਾ ਹੈ, ਬੱਸ ਉਸਕਾ ਨਤੀਜ਼ਾ ਆਣੇ ਵਾਲੇ ਵਕਤ ਮੇਂ ਪਤਾ ਚਲਤਾ ਹੈ |
ਬੇਟੀ ਅਕੇਲੀ ਆਈ ਥੀ ਅਕੇਲੀ ਜਾਓ ਗੀ, ਬਾਕੀ ਸਭ ਮੋਹ ਮਾਇਆ ਹੈ |
ਮੋਏ ਕੇ ਸਾਥ ਮੋਆ ਨਹੀਂ ਜਾਤਾ
ਰੋਤੇ ਕੇ ਸਾਥ ਰੋਆ ਨਹੀਂ ਜਾਤਾ |

ਬੱਸ ਉਸ ਦਿਨ ਸਾਬਰੀ ਨੇ ਦੁਨੀਆਂ ਤਿਆਗ ਦਿੱਤੀ, ਤੇ ਤੁਰ ਪਈ ਸੰਸਾਰ ਤੋਂ ਨਿਰੰਕਾਰ ਵਾਲੇ ਰਾਹ ਤੇ, ਸਮਾਜ ਤੋਂ ਸਮਾਧੀ ਵੱਲ, ਤਿਆਗ ਤੋਂ ਵੀਰਾਗ ਦੇ ਵੱਲ |

ਪਹਿਲਾਂ ਉਹ ਕਲਕੱਤੇ ਤੋਂ ਅਰੁਣਾਚਲ ਪ੍ਰਦੇਸ਼ ਦੇ ਭਿਕਸ਼ੂ ਸ਼ਹਿਰ ਤਾਵਾਂਗ ਪਹੁੰਚੀ, ਬੜੀ ਕਰੜੀ ਪ੍ਰੀਖਿਆ ਤੋਂ ਬਾਅਦ ਉਹ ਭਿਕਸ਼ੂ ਬਣ ਪਾਈ |ਉਹਦੇ ਸਿਰ ਦੇ ਲੰਬੇ ਲੰਬੇ ਵਾਲਾਂ ਤੇ ਉਸਤਰਾ ਲਾ ਦਿੱਤਾ ਗਿਆ, ਤੇ ਪਵਾ ਦਿੱਤਾ ਗਿਆ ਭਗਵਾ ਚੋਲਾ.,....|

ਬੱਸ ਇਹ ਸੀ ਅਰਮਾਨ ਸਾਰੀ ਕਹਾਣੀ, ਰਾਹੁਲ ਤਾਂ ਉਸ ਰੱਬ ਦੀ ਅਮਾਨਤ ਸੀ ਜੋ ਉਸਨੇ ਸੰਭਾਲਣ ਨੂੰ ਦਿੱਤੀ ਸੀ ਤੇ ਫੇਰ ਇੱਕ ਦਿਨ ਵਾਪਸ ਲੈ ਗਿਆ |

ਹੁਣ ਤੂੰ ਮੇਰੇ ਕਿਸੇ ਬੇਟੇ ਦਾ ਮੂੰਹ ਨੀ ਵੇਖ ਸਕੇ ਗਾ, ਕਿਉਂਕਿ ਉਹ ਹੁਣ ਦੁਨੀਆਂ ਤੇ ਹੈ ਹੀ ਨੀ |

ਸਾਬਰੀ ਦੀ ਕਹਾਣੀ ਸੁਣ ਕੇ ਅਰਮਾਨ ਦੀਆਂ ਅੱਖਾਂ ਚੋਂ ਹੰਝੂ ਨਿਕਲ ਆਏ |ਉਹ ਬੋਲਿਆ ਪਲੀਜ਼ ਸਾਬਰੀ ਘਰ ਚੱਲ ਮੇਰੇ ਨਾਲ, ਮੈਂ ਤੈਨੂੰ ਇਥੇ ਨੀ ਰਹਿਣ ਦੇਣਾ |

ਪਲੀਜ਼ ਅਰਮਾਨ ਜਿੱਦ ਨਾ ਕਰ ਪਲੀਜ਼ ਜਾਹ ਹੁਣ ਤੇ ਹਾਂ ਮੈਨੂੰ ਲੱਭਣ ਦੁਬਾਰਾ ਇਥੇ ਨਾ ਆਈ |

ਅਰਮਾਨ ਤਾਂ ਚਲਾ ਗਿਆ,,,

ਪਰ ਸਾਬਰੀ ਅੱਗੇ ਓਹਦੀ ਜ਼ਿੰਦਗੀ ਦੀ ਰੀਲ ਚਲਾ ਗਿਆ,, ਕੌਣ ਸੀ ਰਾਹੁਲ ਦਾ ਬਾਪ,, ਉਸ ਹਨ੍ਹੇਰੀ ਰਾਤ ਕੀ ਹੋਇਆ ਸੀ,, ਕਿੱਥੇ ਵੇਚਿਆ ਗਿਆ ਸਭ ਕੁੱਝ ਯਾਦ ਕਰ ਸਾਬਰੀ ਕੰਬ ਗਈ |
ਤੇ ਗੁਵਾਚ ਗਈ ਆਵਦੀ ਬਚਪਨ ਦੀ ਦੁਨੀਆਂ ਚ |

ਉਹਦੇ 14 ਕੁ ਸਾਲ ਦੀ ਦੇ ਲੱਕੜ ਦੇ ਕਮਰੇ ਚ ਬੈਠੀ ਦੇ ਕੰਨਾਂ ਚ ਪਈ ਮਾਂ ਦੀ ਅਵਾਜ਼ ... ਨੀ ਸਾਬਰੀ... ਨੀ ਸਾਬਰੀ... ਨੀ ਕਿੱਥੇ ਮਰ ਗੀ ਡੁੱਬੜੀਏ,,|

ਆਈ ਮਾਂ ਆਈ, ਸਾਬਰੀ ਕਮਰੇ ਚੋਂ ਬਾਹਰ ਆਉਂਦੀ ਆ,,
ਬਾਹਰ ਹਲਕੀ ਹਲਕੀ ਬਰਫ਼ ਡਿੱਗ ਰਹੀ ਆ.....|

ਘੜੀ ਪਲ ਬਹਿ ਵੀ ਜਾਣ ਦਿਆ ਕਰ ਮਾਂ, ਹਰ ਵੇਲੇ ਮੇਰੇ ਮਗਰ ਹੀ ਪਈ ਰਹਿਨੀ ਆ,, ਸਾਬਰੀ ਆਹ ਕਰਦੇ,, ਸਾਬਰੀ ਔਹ ਕਰਦੇ |

ਦੇਖ ਕਿੰਨੀ ਜੁਬਾਨ ਚਲਦੀ ਆ ਇਹਦੀ,, ਬੋਤੇ ਜਿਡੀ ਹੋਗੀ ਹਲੇ ਵੀ ਗਲੀ ਦੇ ਜੁਵਾਕਾਂ ਨਾਲ ਖੇਡਦੀ ਰਹਿੰਦੀ ਆ |
ਆ ਜਾਣ ਦੇ ਤੇਰੇ ਪਿਓ ਨੂੰ ਪਟਵਾਉਂਦੀ ਆਂ ਤੇਰੀ ਗੁੱਤ |

ਵੀਰ ਬਹਾਦੁਰ ਸਾਬਰੀ ਦਾ ਪਿਓ ਸਾਈਕਲ ਕੰਧ ਨਾਲ ਲਾਉਂਦਾ ਬੋਲਿਆ ਕੀ ਹੋਇਆ,, ਕਿਉਂ ਲੜਨ ਲੱਗੀਆਂ ਦੋਵੇਂ ਮਾਵਾਂ ਧੀਆਂ?

ਸਾਬਰੀ ਦੀ ਮਾਂ ਭਾਵਾਰੂਪਾ ਬੋਲੀ..ਆਵਦੀ ਨੂੰ ਲਾਡਲੀ ਨੂੰ ਪੁੱਛੋ,,ਜੋ ਸਾਰਾ ਦਿਨ ਬੱਚਿਆਂ ਨਾਲ ਗਲੀਆਂ ਚ ਖੇਡਦੀ ਫਿਰਦੀ ਰਹਿੰਦੀ ਆ |

ਬੱਚੀ ਹੀ ਤਾਂ ਹੈ ਮੇਰੀ ਧੀ ਸਾਬਰੀ,, ਜਾ ਧੀਏ ਖੇਡ ਲਾ ਬਾਹਰ ਜਿਆਦਾ ਦੂਰ ਨਾ ਜਾਵੀਂ |

ਤੁਹਾਡੀ ਐਂਨੀ ਖੁੱਲ,,ਸਾਬਰੀ ਦੀ ਜ਼ਿੰਦਗੀ ਬਰਬਾਦ ਕਰੂਗੀ ਤੁਸੀਂ ਦੇਖ ਲਿਓ ਇੱਕ ਦਿਨ |

ਨਾ ਚਿੰਤਾ ਕਰ ਸਾਬਰੀ ਦੀ ਮਾਂ, ਕੁੱਝ ਨੀ ਹੁੰਦਾ ਆਹ ਚਾਰ ਦਿਨ ਹੁੰਦੇ ਆ ਖੇਡਣ ਦੇ, ਬਾਅਦ ਚ ਜਦੋਂ ਸਹੁਰੇ ਚਲੀ ਗਈ, ਪਤਾ ਨੀ ਅਗਲਿਆਂ ਨੇ ਹੱਸਣ ਵੀ ਦੇਣਾ ਕੇ ਨਹੀਂ |

ਪਰ ਕੁੱਝ ਤਾਂ ਸੋਚ., ਭਲਿਆ ਉੱਤੋਂ ਜਮਾਨਾ ਕਿਹੜਾ ਭਾਵਾਰੂਪਾ ਝੋਰਾ ਕਰਦੀ ਬੋਲੀ |

ਚੱਲ ਛੱਡ ਸਾਬਰੀ ਦੀ ਮਾਂ, ਤੂੰ ਗਰਮ ਗਰਮ ਚਾਹ ਬਣਾ ਕੇ ਲਿਆ |

ਅਚਾਨਕ ਬਾਹਰ ਤੇਜ਼ ਬਰਫ਼ਬਾਰੀ ਸ਼ੁਰੂ ਹੋ ਗਈ ਸੀ |
ਸਾਬਰੀ ਹਲੇ ਘਰ ਨਹੀਂ ਸੀ ਆਈ,,ਵੀਰ ਬਹਾਦਰ ਟਾਰਚ ਲੈ ਕੇ ਸਾਬਰੀ ਨੂੰ ਲੱਭਣ ਨਿਕਲ ਗਿਆ |

ਸਾਬਰੀ...ਓਏ ਸਾਬਰੀ... ਵੀਰ ਬਹਾਦਰ ਮੂੰਹ ਦੇ ਦੋਨੋਂ ਪਾਸੇ ਹੱਥ ਰੱਖ ਕਿੰਨੀਆਂ ਹੀ ਅਵਾਜ਼ਾਂ ਸਾਬਰੀ ਨੂੰ ਮਾਰਦਾ, ਉਤਰਾਈ ਵੱਲ ਤੁਰਿਆ ਜਾ ਰਿਹਾ ਸੀ, ਨਾਲ ਨਾਲ ਟਾਰਚ ਆਸੇ ਪਾਸੇ ਘੁਮਾ ਰਿਹਾ ਸੀ ਤਾਂ ਕੇ ਸਾਬਰੀ ਦਾ ਕੁੱਝ ਪਤਾ ਲੱਗ ਸਕੇ |

ਪਰ ਸਾਬਰੀ ਦਾ ਕੋਈ ਕੁੱਝ ਵੀ ਪਤਾ ਨੀ ਸੀ ਲੱਗ ਰਿਹਾ ਸੀ | ਦਸੰਬਰ ਦਾ ਮਹੀਨਾ ਕੜਾਕੇ ਦੀ ਠੰਡ ਹੱਥ ਪੈਰ ਸੁੰਨ ਕਰ ਰਹੀ ਸੀ ਤੇ ਬਰਫ਼ ਨੇ ਸੜਕ ਚਿੱਟੀ ਕਰ ਦਿੱਤੀ ਸੀ |

ਇੱਕ ਬਰਫ਼ੀਲਾ ਤੂਫ਼ਾਨ ਆਉਣ ਦੀ ਸੰਭਾਵਨਾ ਲੱਗ ਰਹੀ ਸੀ ਕਿਉਂਕਿ ਸੰਦਾਂਕਪਹੂ (Sandakphu) ਤੇ ਟਾਈਗਰ ਹਿੱਲ ਤੇ ਬਰਫ਼ਬਾਰੀ ਦੇ ਨਾਲ ਸ਼ੀਤ ਲਹਿਰ ਚਲਣੀ ਸ਼ੁਰੂ ਹੋ ਗਈ ਸੀ |
ਵੀਰ ਬਹੁਦਰ ਸਾਬਰੀ ਨੂੰ ਅਵਾਜ਼ਾਂ ਮਾਰਦਾ ਤੁਰਿਆ ਜਾ ਰਿਹਾ ਹੈ,,ਹਨ੍ਹੇਰਾ ਹੋ ਚੁੱਕਾ ਹੈ, ਬਾਜ਼ਾਰ ਬਿਲਕੁਲ ਬੰਦ ਹੋ ਚੁੱਕਾ,, ਸਾਰੇ ਪਾਸੇ ਸ਼ਨਾਟਾ ਇੱਕ ਲੰਬੀ ਚੁੱਪ |

ਘਬਰਾਇਆ ਹੋਇਆ ਵੀਰ ਬਹਾਦਰ ਕਾਹਲੀ ਕਾਹਲੀ ਤੁਰ ਰਿਹਾ ਏ ਤੇ ਨਾਲ ਨਾਲ ਖੁਦ ਹੀ ਬੋਲ ਰਿਹਾ,, ਸਹੀ ਹੀ ਕਹਿੰਦੀ ਆ ਸਾਬਰੀ ਦੀ ਮਾਂ ਕੇ ਕੁੜੀ ਜਵਾਨ ਆ, ਇਹਨੂੰ ਕੁੜੀ ਬਣਕੇ ਰਹਿਣ ਦਿਓ,, ਪਰ ਪਾਗਲ ਤਾਂ ਮੈਂ ਜੋ ਕਹਿ ਦਿੰਨਾ ਜਾਹ ਖੇਡ ਜਾ ਕੇ, ਉਹ ਕਰ ਜੋ

ਤੇਰਾ ਜੀਅ ਕਰਦਾ, ਨਾਲੇ ਮੈਂ ਜਾਂਦੀ ਨੂੰ ਕਹਿ ਕੇ ਤੋਰਿਆ ਸੀ ਕੇ ਸਾਬਰੀ ਜ਼ਿਆਦਾ ਦੂਰ ਨਾ ਜਾਵੀਂ, ਪਰ ਇਹ ਕੁੜੀ ਕਦੇ ਕਿਸੇ ਦੀ ਸੁਣੇ ਤਾਂ ਨਾ |

ਅਚਾਨਕ ਜਦੋਂ ਉਹ ਇੱਕ ਗਲੀ ਅੱਗੋਂ ਲੰਘਣ ਲੱਗਾ ਤਾਂ ਉਹਦੇ ਕੰਨੀ ਸਾਬਰੀ ਦੀ ਆਵਾਜ਼ ਪਈ |

ਪਾਪਾ ਮੈਂ ਏਥੇ ਆਂ ਪਲੀਜ਼ ਮੈਨੂੰ ਬਚਾਓ,, ਵੀਰ ਬਹਾਦਰ ਦੇਖਦਾ ਸਾਬਰੀ ਕਿਸੇ ਰੇਹੜੀ ਦੇ ਮਗਰ ਕਿਸੇ ਦੁਕਾਨ ਦੇ ਥੜੇ ਤੇ ਸ਼ਟਰ ਨਾਲ ਲੱਗ ਕੇ ਬੈਠੀ ਆ,, ਇੱਕ ਦਮ ਡਰੀ ਹੋਈ ਤੇ ਠੰਡ ਨਾਲ ਕੰਬ ਰਹੀ ਆ |

ਵੀਰ ਬਹਾਦਰ ਭੱਜ ਕੇ ਸਾਬਰੀ ਕੋਲ ਗਿਆ, ਡਰੀ ਹੋਈ ਸਾਬਰੀ ਪਿਓ ਦੇ ਗਲ਼ ਨੂੰ ਚਿੰਬੜ ਗਈ, ਪਿਓ ਧੀਆਂ ਲਈ ਹੁੰਦੇ ਵੀ ਰੱਬ ਆ |

ਕੀ ਹੋਇਆ ਮੇਰੀ ਧੀ ਨੂੰ ? ਵੀਰ ਬਹਾਦਰ ਸਾਬਰੀ ਦੇ ਸਿਰ ਤੇ ਹੱਥ ਫ਼ੇਰਦਾ ਬੋਲਿਆ |

ਪਾਪਾ ਉਹ..... ਸਾਬਰੀ ਨੇ ਸੜਕ ਤੇ ਉਂਗਲ ਨਾਲ ਇਸ਼ਾਰਾ ਕੀਤਾ |

ਦੇਖ ਕੇ ਵੀਰ ਬਹਾਦਰ ਦਾ ਹਾਸਾ ਨਿਕਲ ਗਿਆ,, ਸੜਕ ਤੇ ਛੋਟਾ ਜੇਹਾ ਕੁੱਤੇ ਦਾ ਕਤੂਰਾ ਬੈਠਾ ਸੀ, ਤੇ ਸਾਬਰੀ ਉਹਦੇ ਤੋਂ ਡਰਦੀ ਥੜੇ ਤੇ ਚੜ੍ਹਕੇ ਬੈਠੀ ਸੀ |

ਜਾਹ ਨੀ ਸਾਬਰੀ,, ਡਰਾ ਦਿੱਤਾ ਈ ਮੈਨੂੰ ਵੀ | ਏਡੀ ਵੱਡੀ ਹੋਗੀ ਤੇ ਹਲੇ ਵੀ ਕਤੂਰਿਆਂ ਤੋਂ ਡਰਦੀ ਆਂ | ਤੂੰ ਸਾਰੀ ਉਮਰ ਡਰਦੀ ਹੀ ਰਹਿਣਾ!

ਪਰ ਪਿਓ ਕੀ ਜਾਣਦਾ ਸੀ ਕੇ ਹਲੇ ਤਾਂ ਵਿਹੋ ਮਾਤਾ ਨੇ ਸਾਬਰੀ ਦਾ ਮੱਥਾ ਵਹਿਸ਼ੀ

ਬਘਿਆੜਾ ਨਾਲ ਲਵਾਉਣਾ ਸੀ,
ਕਤੂਰਿਆਂ ਤੋਂ ਡਰਨ ਵਾਲੀ ਸਾਬਰੀ ਨੇ ਕਾਲੀਆਂ ਰਾਤਾਂ ਨੂੰ ਟਕਰਾਉਣਾ ਸੀ ਦਰਿੰਦਿਆ ਨਾਲ |

ਦੋਵੇਂ ਪਿਓ ਧੀ ਘਰ ਪਹੁੰਚ ਗਏ,,ਤੈਨੂੰ ਕਿੰਨੀ ਵਾਰ ਕਿਹਾ ਸਾਬਰੀ ਦੀ ਮਾਂ,, ਕੇ ਇਹਨੂੰ ਠੰਡ ਚ ਬਾਹਰ ਨਾ ਨਿਕਲਣ ਦਿਆ ਕਰ, ਤੂੰ ਕੁੜੀ ਨੂੰ ਠੰਡ ਲਵਾਉਣੀ ਆ |

ਸਾਬਰੀ ਦੀ ਮਾਂ ਚਾਹ ਦੇ ਬਾਗਾਂ ਚ ਕੰਮ ਕਰਦੀ ਸੀ,ਸਾਬਰੀ ਵੀ ਸਕੂਲੋਂ ਆਕੇ ਚਾਹ ਦੇ ਬਾਗਾਂ ਚ ਜਾ ਕੇ ਤਿਤਲੀਆਂ ਫੜਦੀ ਰਹਿੰਦੀ,,ਹੋਲੀ ਹੋਲੀ ਉਹ ਜਵਾਨ ਤਾਂ ਹੁੰਦੀ ਗਈ ਪਰ ਰਹੀ ਵਿਚਾਰੀ ਭੋਲੀ ਦੀ ਭੋਲੀ ਹਰ ਇੱਕ ਦੀਆਂ ਗੱਲਾਂ ਚ ਆਉਣ ਵਾਲੀ |

ਪਰ ਦੁਨੀਆਂ ਭੋਲੇ ਬੰਦੇ ਦੀ ਨਹੀਂ ਆ,, ਜੇ ਏਥੇ ਰਹਿਣਾ ਤਾਂ ਚਲਾਕੀਆਂ ਤਾਂ ਸਿੱਖਣੀਆਂ ਪੈਂਦੀਆਂ, ਪਰ ਉਹ ਸਾਬਰੀ ਸਾਰੀ ਉਮਰ ਨਾ ਸਿੱਖ ਸਕੀ |

ਏਦਾਂ ਹੀ ਜਵਾਨੀ ਦਾ ਜਿਸਮ ਤੇ ਬਚਪਨ ਦਾ ਦਿਮਾਗ ਲੈ ਕੇ ਸਾਬਰੀ ਕਾਲਜ ਤੱਕ ਪਹੁੰਚ ਗਈ |

ਪੜਾਈ ਚ ਪੂਰਾ ਧਿਆਨ ਰੱਖਦੀ,, ਬੱਸ ਦਿਮਾਗ ਚ ਉਹਦੇ ਇੱਕੋ ਸੁਪਨਾ ਸੀ, ਫੈਸ਼ਨ ਡਾਜ਼ਇਣਨਰ ਬਣਨ ਦਾ |

ਕਾਲਜ ਦੇ ਕਿੰਨੇ ਹੀ ਮੁੰਡੇ ਸੀ ਜੋ ਸਾਬਰੀ ਪਿੱਛੇ ਰੋਜ ਲੜਦੇ ਸੀ, ਪਰ ਓਹਨੂੰ ਕਿਸੇ ਨਾਲ ਕੋਈ ਵਾਸਤਾ ਨਹੀਂ ਸੀ |
ਓਹਦੀ ਅਗਰ ਕਾਲਜ ਚ ਕਿਸੇ ਨਾਲ ਦੋਸਤੀ ਹੋਈ ਤਾਂ ਉਹ ਸੀ ਅਰਮਾਨ |

ਅਰਮਾਨ ਨਾਲ ਰਹਿਣ ਕਰਕੇ ਕੁੱਝ ਹੱਦ ਤੱਕ ਸਾਬਰੀ ਸਮਝਦਾਰ ਹੋ ਗਈ ਸੀ, ਪਰ ਐਂਨੀ ਨਹੀਂ ਜਿੰਨ੍ਹਾਂ ਤੇਜ਼ ਇਹ ਜਮਾਨਾ |

ਅਸਲ ਚ ਅਰਮਾਨ ਸਾਬਰੀ ਨੂੰ ਪਿਆਰ ਕਰਦਾ ਸੀ, ਪਰ ਸਾਬਰੀ ਨੂੰ ਇਸ ਗੱਲ ਨਾਲ ਕੋਈ ਫ਼ਰਕ ਨਹੀਂ ਸੀ ਪੈਂਦਾ,,

ਜਦ ਕਦੇ ਅਰਮਾਨ ਪਿਆਰ ਦੀ ਗੱਲ ਛੇੜਦਾ ਤਾਂ ਸਾਬਰੀ ਉਸ ਅੱਗੇ ਆਪਣਾ ਮੋਡਲਿੰਗ ਦਾ ਸੁਪਨਾ ਰੱਖ ਦਿੰਦੀ |

ਵਕਤ ਗੁਜਰਦਾ ਗਿਆ,, ਕਾਲਜ ਦੀ ਪੜ੍ਹਾਈ ਪੂਰੀ ਹੁੰਦਿਆਂ ਤੱਕ ਸਾਬਰੀ ਅਰਮਾਨ ਨਾਲ ਕਾਫੀ ਘੁਲ ਮਿਲ ਗਈ ਸੀ |

ਉਂਝ ਵੀ ਅਰਮਾਨ ਦੇ ਤੇ ਸਾਬਰੀ ਦੇ ਪਰਿਵਾਰ ਚ ਕਾਫੀ ਆਉਣ ਜਾਣ ਸੀ ਇੱਕ ਦੂਜੇ ਦੇ ਘਰ |

ਹੁਣ ਸਾਬਰੀ ਦੀ ਅਗਲੀ ਇੱਛਾ , ਵਿਦੇਸ਼ ਜਾ ਕੇ ਮਾਡਲਿੰਗ ਦੀ ਪੜ੍ਹਾਈ ਕਰਨ ਦੀ ਸੀ, ਜਿਸ ਲਈ ਮੇਨ ਸੀ ਫਰਾਂਸ ਦੀ ਰਾਜਧਾਨੀ ਪੈਰਿਸ ਵਿੱਚ

- ਇਫ਼ਾ ਪੈਰਿਸ – ਇੰਟਰਨੈਸ਼ਨਲ ਫੈਸ਼ਨ ਅਕੈਡਮੀ
- (IFA Paris – International Fashion Academy)

ਪਰ ਵੀਰ ਬਹਾਦਰ ਇਸ ਵਿੱਚ ਰਾਜੀ ਨਹੀਂ ਸੀ, ਉਹ ਨੀ ਸੀ ਚਾਹੁੰਦਾ ਕੇ ਸਾਬਰੀ ਉਹਨਾਂ ਤੋਂ ਦੂਰ ਜਾਵੇ ਤੇ ਨਾਲੇ ਉਹ ਮੋਡਲਿੰਗ ਵਾਲੇ ਕੰਮ ਦੇ ਤਾਂ ਬਿਲਕੁਲ ਖਿਲਾਫ ਸੀ...|

ਪਰ ਕਿਸਮਤ ਨਾਂ ਦੀ ਵੀ ਕੋਈ ਚੀਜ਼ ਹੁੰਦੀ ਆ,,ਜੋ ਜਨਮ ਤੋਂ ਪਹਿਲਾਂ ਲਿਖ ਦਿੰਦੀ ਆ

ਵਿਹੋ ਮਾਤਾ ਪੁੱਠੇ ਹੱਥ ਨਾਲ ਸਾਡੇ ਮੱਥੇ ਤੇ ਚਾਰ ਲਕੀਰਾਂ ਅੰਦਰ,,,ਨਾਲ਼ੇ ਜਿਹੜਾ ਤੂਫ਼ਾਨ ਆਉਣ ਵਾਲੇ ਵਕਤ ਦੀ ਬੁੱਕਲ ਚ ਬੈਠਾ ਸਾਬਰੀ ਨੂੰ ਉਡੀਕ ਰਿਹਾ ਸੀ ਓਹਨੇ ਵੀ ਤਾਂ ਆਖ਼ਿਰ ਟਕਰਾਉਣਾ ਹੀ ਸੀ ਸਾਬਰੀ ਨਾਲ |

ਸਾਬਰੀ ਇੱਕੋ ਜਿੱਦ ਤੇ ਅੜੀ ਹੋਈ ਸੀ,,ਉਹਦੀ ਜ਼ਿੱਦ ਸੀ ਪੈਰਿਸ ਜਾ ਕੇ ਮੋਡਲਿੰਗ ਸਿੱਖਣ ਦੀ,,ਹੁਣ ਉਹਨੇ ਰੋਟੀ ਵੀ ਖਾਣੀ ਛੱਡ ਦਿੱਤੀ |

ਜਦੋਂ ਸਾਬਰੀ ਦੀ ਮਾਂ ਸ਼ਾਮ ਨੂੰ ਵੀਰ ਬਹਾਦੁਰ ਨੂੰ ਰੋਟੀ ਫੜਾਉਣ ਲੱਗੀ ਉਹ ਬੋਲਿਆ,, ਤੈਨੂੰ ਕਿੰਨੀ ਵਾਰ ਕਿਹਾ ਸਾਬਰੀ ਦੀ ਮਾਂ ਜਿੰਨ੍ਹਾਂ ਚਿਰ ਮੇਰੀ ਧੀ ਸਾਬਰੀ ਰੋਟੀ ਨੀਂ ਖਾਂਦੀ ਮੈਨੂੰ ਰੋਟੀ ਨਾ ਦਿਆ ਕਰ |

ਤੇਰੀ ਲਾਡਲੀ ਤਾਂ ਰੋਟੀ ਛੱਡੀ ਬੈਠੀ ਆ,,ਜ਼ਿੱਦੀ ਆ,, ਕਹਿੰਦੀ ਮੈਂ ਨੀਂ ਖਾਣੀ ਉਹਨਾਂ ਚਿਰ ਰੋਟੀ ਜਿੰਨ੍ਹਾਂ ਚਿਰ ਮੈਨੂੰ ਤੁਸੀਂ ਮੇਰਾ ਸੁਪਨਾ ਪੂਰਾ ਕਰਨ ਨੂੰ ਨੀਂ ਭੇਜਦੇ |

ਹੁਣ ਉਸ ਅੱਗੇ ਝੁਕਣ ਤੋਂ ਇਲਾਵਾ ਕੋਈ ਰਾਹ ਨੀਂ ਸੀ ਬਚਿਆ,, ਆਖ਼ਿਰ ਵੀਰ ਬਹਾਦਰ ਆਪਣੀ ਭੋਲੀ ਧੀ ਦੇ ਸੁਪਨੇ ਅੱਗੇ ਹਾਰ ਗਿਆ |

ਪਰ ਸਾਬਰੀ ਦੀ ਮਾਂ ਭਾਵਾਰੂਪਾ ਹਲੇ ਵੀ ਸਾਬਰੀ ਨੂੰ ਸਮਝਾ ਰਹੀ ਸੀ,, ਕੇ ਦੇਖ ਧੀਏ ਕਮਲ ਨੀਂ ਘੋਟੀ ਦਾ ਹੁੰਦਾ,, ਇਹ ਦੁਨੀਆਂ ਬਹੁਤ ਤੇਜ਼ ਆ ਤੂੰ ਏਂ ਭੋਲੀ |
ਤੂੰ ਹਲੇ ਦੇਖੀ ਨਹੀਂ ਆ ਦੁਨੀਆਂ,,ਇਹ ਬਾਹਰੋਂ ਹੋਰ ਆ ਤੇ ਅੰਦਰੋਂ ਹੋਰ ਆ,, ਇਹ ਇੰਨੀ ਸਿੱਧੀ ਨਹੀਂ ਆ ਜਿੰਨੀ ਦਿਸਦੀ ਆ,,ਪਰ ਸਾਬਰੀ ਟਸ ਤੋਂ ਮਸ ਨਹੀਂ ਸੀ ਹੋ ਰਹੀ |

ਵੀਰ ਬਹਾਦਰ ਨੇ ਵੀ ਸਾਬਰੀ ਨੂੰ ਗੁੱਸੇ ਚ ਭੇਜਣ ਲਈ ਹਾਂ ਕਰ ਤਾਂ ਦਿੱਤੀ ਸੀ, ਪਰ ਅੰਦਰੋਂ ਉਹ ਵੀ ਖੁਸ਼ ਨਹੀਂ ਸੀ |

ਸਾਬਰੀ ਦੇ ਕਾਲਜ ਇੱਕ ਵਾਰ ਇੱਕ ਟੂਰ ਐਂਡ ਟਰੈਵਲ ਗਰੁੱਪ ਵਾਲੇ ਆਏ ਸਨ ,, ਜੇ ਕਿਸੇ ਨੇ ਅਗਲੀ ਪੜ੍ਹਾਈ ਲਈ ਫੌਰਨ ਜਾਣਾ ਹੋਵੇ, ਉਹ ਪੰਫਲੀਟ ਦੇ ਕੇ ਗਏ ਸੀ,, ਜੋ ਸਾਬਰੀ ਨੇ ਸੰਭਾਲ ਕੇ ਰੱਖਿਆ ਹੋਇਆ ਸੀ |

ਉਹ ਕੋਈ ਕਲਕੱਤੇ ਦੀ ਟਰੈਵਲ ਕੰਪਨੀ ਸੀ,, ਇੱਕ ਦਿਨ ਵੀਰ ਬਹਾਦਰ ਤੇ ਸਾਬਰੀ ਜਾ ਕੇ ਕਲਕੱਤੇ ਸਾਬਰੀ ਦੇ ਡੋਕੋਮੈਂਟ ਦੇ ਆਏ,, ਵੀਰ ਬਹਾਦੁਰ ਨੇ ਆਪਣੀ ਜ਼ਮੀਨ ਵੇਚ ਕੇ ਅਣਮੰਨੇ ਮਨ ਨਾਲ ਏਜੰਟਾਂ ਨੂੰ ਪੈਸੇ ਦੇ ਤਾਂ ਦਿੱਤੇ ਪਰ ਉਸ ਦਿਨ ਤੋਂ ਉਹਨੂੰ ਸਾਬਰੀ ਨਾਲ ਵੀ ਜਾਣੋ ਇੱਕ ਤਰ੍ਹਾਂ ਨਾਲ ਨਫ਼ਰਤ ਹੀ ਹੋ ਗਈ ਸੀ |

ਕੁੱਝ ਕੁ ਦਿਨ ਬਾਅਦ ਏਜੰਟ ਦਾ ਫੋਨ ਆਇਆ ਕੇ ਸਾਬਰੀ ਦਾ ਵੀਜ਼ਾ ਆ ਗਿਆ,, ਇੱਕ ਕੁੜੀ ਹੋਰ ਸੀ ਸਾਬਰੀ ਨਾਲ ਜਾਣ ਵਾਲੀ,,ਪਾਸਪੋਰਟ ਉਹਨਾਂ ਨੂੰ ਦਿੱਲੀ ਜਾ ਕੇ ਮਿਲਣੇ ਸਨ |
ਘਰਦੇ ਉਹਨੂੰ,ਇੱਕ ਹੋਰ ਕੁੜੀ ਨਾਲ ਬਾਗਡੋਗਰਾ (Bagdogra)
ਏਅਰਪੋਰਟ ਤੋਂ ਦਿੱਲੀ ਦੀ ਫਲਾਈਟ ਬਿਠਾ ਕੇ ਚਲੇ ਗਏ,,ਸਾਬਰੀ ਦੀ ਆਉਣ ਵਾਲੀ ਜ਼ਿੰਦਗੀ ਤੋਂ ਬਿਲਕੁੱਲ ਬੇ-ਖ਼ਬਰ |

ਸਾਬਰੀ ਤੇ ਉਹ ਕੁੜੀ ਦਿੱਲੀ ਪਹੁੰਚ ਗਈਆਂ,,ਜਦੋਂ ਉਹ ਏਅਰਪੋਰਟ ਤੋਂ ਬਾਹਰ ਆਈਆਂ ਇੱਕ ਏਜੰਟ ਉਹਨਾਂ ਦੀ ਉਡੀਕ ਚ ਖੜ੍ਹਾ ਸੀ | ਜਨਵਰੀ ਦਾ ਮਹੀਨਾ ਹੋਣ ਕਰਕੇ ਬਾਹਰ ਕਾਫੀ ਧੁੰਦ ਪਸਰੀ ਹੋਈ ਸੀ,,ਉਹ ਏਜੰਟ ਉਹਨਾਂ ਦੋਵਾਂ ਨੂੰ ਕਾਰ ਚ ਬਿਠਾ ਕੇ ਦਿੱਲੀ ਦੀਆਂ ਗਲੀਆਂ ਚ ਵੜ ਗਿਆ |

ਸਾਬਰੀ ਕਾਰ ਦੇ ਸ਼ੀਸੇ ਵਿੱਚੋਂ ਬਾਹਰ ਦੇਖ ਰਹੀ ਸੀ,, ਕਿਉਂਕਿ ਪਹਾੜਾਂ ਦੀ ਜੰਮਪਲ ਕੁੜੀ ਨੇ ਪਹਿਲੀ ਵਾਰ ਏਨੇ ਭੀੜ ਭੱੜਕੇ ਵਾਲਾ ਸ਼ਹਿਰ ਵੇਖਿਆ ਸੀ |

ਭੀੜੀਆਂ ਭੀੜੀਆਂ ਗਲੀਆਂ ਤੇ ਆਟੋ ਰਿਕਸ਼ਿਆਂ ਦੀ ਫਟ-ਫਟ ਦੀ ਅਵਾਜ਼ ਸਭ ਕੁੱਝ ਨਵਾਂ ਸੀ ਉਸ ਲਈ ਤੇ ਉਹ ਬਹੁਤ ਖੁਸ਼ ਲੱਗ ਰਹੀ ਸੀ ਜਿਵੇਂ ਕਿਸੇ ਨਵੀਂ ਦੁਨੀਆਂ ਚ ਆ ਗਈ ਹੁੰਦੀ
ਆ |

ਅਚਾਨਕ ਉਹਨਾਂ ਦੀ ਕਾਰ ਇੱਕ ਧੂੰਏ ਨਾਲ ਕਾਲੇ ਕੀਤੇ ਹੋਟਲ ਅੱਗੇ ਰੁਕੀ, ਏਜੰਟ ਉਹਨਾਂ ਨੂੰ ਕੱਲ ਆਉਣ ਦਾ ਵਾਅਦਾ ਕਰਕੇ ਤੇ ਇੱਕ ਕਮਰੇ ਚ ਛੱਡ ਗਿਆ ਨਾਲ ਇਹ ਕਹਿ ਗਿਆ ਕੇ ਕੱਲ੍ਹ ਰਾਤ ਦੀ ਫਲਾਈਟ ਆ ਤੁਹਾਡੀ |

ਉਥੇ ਕਮਰੇ ਵਿੱਚ ਪਹਿਲਾਂ ਵੀ ਦੋ ਕੁੜੀਆਂ ਬੈਠੀਆਂ ਸਨ, ਜੋ ਸ਼ਕਲ ਤੋਂ ਨੇਪਾਲੀ ਲੱਗ ਰਹੀਆਂ, ਹੋ ਸਕਦਾ ਮਨੀਪੁਰ ਜਾਂ ਨਾਗਾਲੈਂਡ ਦੀਆਂ ਹੋਣ ਕਿਉਂਕਿ ਉਹਵੀ ਤਾਂ ਨੇਪਾਲੀਆਂ ਵਰਗੇ ਹੁੰਦੇ ਆਂ |

ਪਰ ਉਹਨਾਂ ਦੋਨਾਂ ਕੁੜੀਆਂ ਦੀ ਸ਼ਕਲ ਤੋਂ ਲੱਗ ਰਿਹਾ ਸੀ ਜਿਵੇਂ ਉਹਨਾਂ ਦੀ ਮਾਰ ਕੁੱਟ ਹੋਈ ਹੋਵੇ |

ਪਹਿਲਾਂ ਤਾਂ ਸਾਬਰੀ ਦਾ ਦਿਲ ਕੀਤਾ ਕੇ ਉਹ ਉਹਨਾਂ ਨੂੰ ਪੁੱਛੇ ਪਰ ਦੂਜੇ ਹੀ ਪਲ ਆਪਣੀ ਮਾਂ ਭਾਵਾਰੂਪਾ ਦੀ ਗੱਲ ਯਾਦ ਆਈ,, ਸਾਬਰੀ ਤੂੰ ਆਂ ਭੋਲੀ ਤੇ ਦੁਨੀਆਂ ਮਤਲਬ ਦੀ ਆ,, ਐਵੇਂ ਨਾ ਕਿਸੇ ਦਾ ਦੁੱਖ ਦਰਦ ਸੁਣ ਕੇ ਭਲਾ ਕਰਨ ਬਹਿ ਜਾਵੀਂ, ਬਾਅਦ ਚ ਕਿਤੇ ਖੁਦ ਮੁਸੀਬਤ ਚ ਫਸੀ ਹੋਵੇਂ |

ਸਾਬਰੀ ਚੁੱਪ ਚਾਪ ਇੱਕ ਨੁਕਰੇ ਬੈੱਡ ਤੇ ਸੌਂ ਗਈ, ਹਲੇ ਓਹਦੀ ਅੱਖ ਲੱਗੀ ਹੀ ਸੀ ਕੇ ਇੱਕ ਅਜ਼ੀਬ ਜੇਹਾ ਸ਼ੋਰ ਸੁਣਕੇ ਉਹ ਉੱਠ ਗਈ ਤੇ ਕੀ ਦੇਖਦੀ ਆ,,

ਕੇ ਦੋ,6-6 ਫੁੱਟ ਦੇ ਦੇਉ ਕੱਦ ਬੰਦੇ,,ਉਹਨਾਂ ਪਹਿਲਾਂ ਵਾਲੀਆਂ ਦੋ ਕੁੜੀਆਂ ਨੂੰ ਨਾਲ ਚੱਲਣ ਲਈ ਕਹਿ ਰਹੇ ਸਨ ਪਰ ਉਹ ਉਹਨਾਂ ਅੱਗੇ ਹੱਥ ਜੋੜ ਰਹੀਆਂ ਸਨ,, ਪਲੀਜ਼ ਹਮੇ ਛੋੜ ਦੋ ਹਮਨੇ ਘਰ ਜਾਣਾ ਹੈ, ਹਮਨੇ ਕਯਾ ਬਿਗਾੜਾ ਹੈ ਆਪ ਲੋਗੋਂ ਕਾ,, ਉਹ ਦੋਨੋਂ ਕੁੜੀਆਂ ਰੋਣ ਲੱਗ ਪਈਆਂ,,|

ਸਾਬਰੀ ਚੁੱਪ ਚਾਪ ਅੱਖਾਂ ਅੱਡੀ ਸਭ ਕੁੱਝ ਕਿਸੇ ਸੁਪਨੇ ਵਾਂਗ ਵੇਖ ਰਹੀ ਸੀ |

ਜਦ ਉਹ ਕੁੜੀਆਂ ਨਾ ਮੰਨੀਆਂ ਉਹਨਾਂ ਚੋਂ ਇੱਕ ਜਾਣਾ ਡੱਬ ਚੋਂ ਪਿਸਤੌਲ ਕਢਦਾ ਇੱਕ ਕੁੜੀ ਦੇ ਕੰਨ ਤੇ ਰੱਖਦਾ ਗੁੱਸੇ ਚ ਬੋਲਿਆ,, ਏ ਸਾਲੀ ਰੰਡੀ ਮੇਰੇ ਕੋ ਗੁੱਸਾ ਮਤ ਦਿਲਾ ਨਹੀਂ ਤੋਂ ਇਧਰ ਹੀ ਠੋਕ ਦੂੰ ਗਾ |

ਹਾਂ ਹਾਂ ਮਾਰ ਦੋ,,, ਮਾਰ ਡਾਲੋ ਹਮ ਕੋ,,ਐਸੀ ਜ਼ਿੰਦਗੀ ਸੇ ਤੋਂ ਮੌਤ ਹੀ ਅੱਛੀ ਹੈ,,, ਉਹ ਦੋਨੋਂ ਫ਼ੇਰ ਰੋਣ ਲੱਗ ਪਈਆਂ |

ਏੇਂਨੇ ਨੂੰ ਓਹਦਾ ਦੂਜਾ ਸਾਥੀ ਬੋਲਿਆ,,ਯੇਹ ਕਯਾ ਕਰ ਰਹਾ ਹੈ ਰਸ਼ੀਦ,,ਪਾਗਲ ਹੋ ਗਿਆ ਕਯਾ?
ਪਤਾ ਹੈ ਨਾ ਤੁਮੇ,,ਕਮਲਾ ਬਾਈ ਕੇ ਗੁੱਸੇ ਕਾ, ਇਨਕੋ ਕੁੱਝ ਹੂਆ ਤੋ ਤੇਰਾ ਮਾਸ ਨੋਚ ਲੇ ਗੀ ਵੋਹ |

ਗੁੱਸੇ ਚ ਰਸ਼ੀਦ ਨੇ ਦੋਵਾਂ ਦੇ ਮੂੰਹ ਤੇ ਐਨੇ ਜ਼ੋਰ ਨਾਲ ਥੱਪੜ ਮਾਰੇ ਕੇ ਉਹ ਵਿਚਾਰੀਆਂ ਫਰਸ਼ ਤੇ ਡਿੱਗ ਪਈਆਂ,, ਦੋ-ਦੋ ਲੱਤਾਂ ਉਹਨੇ ਡਿੱਗੀਆਂ ਪਈਆਂ ਦੇ ਢਿੱਡ ਚ ਮਾਰੀਆਂ ਤੇ ਉਹ ਵਿਚਾਰੀਆਂ ਸਪਰਿੰਗ ਵਾਂਗ ਕੱਠੀਆਂ ਹੋ ਗਈਆਂ |

ਇਹ ਦੇਖ ਕੇ ਸਾਬਰੀ ਦੀ ਚੀਖ ਨਿਕਲ ਗਈ |

ਓਹਨਾ ਚੋਂ ਇੱਕ ਆਪਣੇ ਮੂੰਹ ਤੇ ਉਂਗਲ ਰੱਖ ਸਾਬਰੀ ਨੂੰ ਸਮਝਾਉਂਦਾ ਬੋਲਿਆ ਸ਼ੀਅਅਅ......,,..ਚੁੱਪ!
ਅਗਰ ਅਵਾਜ਼ ਨਿਕਾਲੀ ਤੋ ਮਾਂ ਕਸਮ ਐਸਾ ਹਾਲ ਕਰੂੰਗਾ,, ਸ਼ੀਸੇ ਮੇਂ ਖੁਦ ਕਾ ਚਿਹਰਾ ਦੇਖ ਕਰ ਡਰ ਜਾਓਗੀ |

ਫ਼ੇਰ ਉਹ ਉਹਨਾਂ ਦੋਵਾਂ ਕੁੜੀਆਂ ਨੂੰ ਵਾਲਾਂ ਤੋਂ ਫੜ ਕੇ ਘੜੀਸ ਦੇ ਹੋਏ ਬਾਹਰ ਲੈ ਗਏ |

ਸਾਬਰੀ ਡਰ ਕੇ ਨਾਲ ਆਈ ਇੱਕ ਹੋਰ ਕੁੜੀ ਦੇ ਗਲ਼ ਨੂੰ ਚਿੰਬੜ ਗਈ |

ਸਾਰੀ ਰਾਤ ਸਾਬਰੀ ਨੂੰ ਨੀਂਦ ਨਾ ਆਈ,,ਬੇਸ਼ੱਕ ਉਹ ਭੋਲੀ ਸੀ
ਪਰ ਐਨੀ ਵੀ ਨਹੀਂ ਜੋ ਸਮਝ ਨਾ ਸਕਦੀ ਕੇ ਉਹ ਦੋਨਾਂ ਕੁੜੀਆਂ ਨਾਲ ਕੀ ਹੋਣ ਵਾਲਾ ਸੀ |

ਪਰ ਉਸ ਨੂੰ ਲੱਗ ਰਿਹਾ ਸੀ, ਚੱਲ ਜੋ ਵੀ ਉਹਨਾਂ ਨਾਲ ਹੋਇਆ, ਬੁਰਾ ਹੋਇਆ,,ਪਰ ਮੈਂ ਤਾਂ ਕੱਲ੍ਹ ਪੈਰਿਸ ਚਲੀ ਜਾਣਾ ਫ਼ੇਰ ਵੀ ਦੋਨੋਂ ਯਾਦ ਰਹਿਣ ਗੀਆਂ |

ਖੁੱਲੀਆਂ ਅੱਖਾਂ ਚ ਉਹਨਾਂ ਦੋਵਾਂ ਦੀ ਰਾਤ ਗੁਜ਼ਰ ਗਈ | ਅਗਲੇ ਦਿਨ ਸਵੇਰੇ ਏਜੰਟ ਉਹਨਾਂ ਨੂੰ ਲੈਣ ਆਇਆ,,ਪਰ ਇਕੱਠੇ ਨਹੀਂ,, ਇੱਕ ਇੱਕ ਕਰਕੇ |
ਸ਼ਾਇਦ ਇਹ ਵੀ ਕੋਈ ਉਹਨਾਂ ਦਾ ਤਰੀਕਾ ਸੀ |

ਸਾਬਰੀ ਨੂੰ ਕਾਰ ਚ ਬਿਠਾ ਕੇ ਜੀ.ਬੀ. ਰੋਡ ਲਿਜਾਇਆ ਗਿਆ,,ਜਿਸਦਾ ਪੂਰਾ ਨਾਮ ਆ ਗਾਰਸਟਿਨ ਬੈਸਟਨ ਰੋਡ ,

ਇਹ ਰੋਡ ਅਜਮੇਰੀ ਗੇਟ ਤੋਂ ਲਾਹੌਰੀ ਗੇਟ ਤੱਕ ਹੈ, ਜਿਸਦੇ ਥੱਲੇ ਦੁਕਾਨਾਂ ਤੇ ਉੱਪਰ ਕੋਠੇ ਬਣੇ ਹੋਏ ਆ |

ਸਾਬਰੀ....ਊਪਰ ਪੌੜੀਆਂ ਚੜ੍ਹ ਜਾਓ, ਊਪਰ ਮੇਂ ਆਪ ਕੋ ਟਿਕਟ ਔਰ ਪਾਸਪੋਰਟ ਦੋਨੋਂ ਮਿਲ ਜਾਏਂ ਗੇ |

ਸਾਬਰੀ ਪਹਿਲੀ ਵਾਰ,ਬਿਨ੍ਹਾਂ ਕੋਈ ਸਵਾਲ ਕੀਤੇ,ਨਰਕ ਦੀਆਂ ਭੀੜੀਆਂ ਜਹੀਆਂ ਪਾਨ ਥੁੱਕ ਥੁੱਕ ਲਾਲ ਕੀਤੀਆਂ ਪੌੜੀਆਂ ਚੜ੍ਹ
ਗਈ |

ਇਹ ਐਸੀਆਂ ਪੌੜੀਆਂ ਹੁੰਦੀਆਂ ਜਿਸ ਤੇ ਇੱਕ ਵਾਰ ਚੜੀ ਔਰਤ ਮੁੜਕੇ ਸਮਾਜ ਦੇ ਯੋਗ ਨਹੀਂ ਰਹਿੰਦੀ,, ਐਸੀਆਂ ਪੌੜੀਆਂ ਜਿਥੇ ਇੱਕ ਵਾਰ ਚੜ੍ਹਨ ਤੋਂ ਬਾਅਦ ਮੁੱਕ ਜਾਂਦਾ ਓਹਦਾ ਥੱਲੇ ਉੱਤਰਣ ਦਾ ਰਸਤਾ,, ਪਰ ਸਿਰਫ਼ ਔਰਤਾਂ ਲਈ, ਨਹੀਂ ਤਾਂ ਮਰਦ ਰੋਜ ਇਹ ਪੌੜੀਆਂ ਚੜ੍ਹਦੇ ਵੀ ਆ ਤੇ ਉੱਤਰਦੇ ਵੀ ਆ ਤੇ ਸਮਾਜ ਚ ਰਹਿੰਦੇ ਵੀ ਆ |

ਸਾਬਰੀ ਜਦ ਉੱਪਰ ਪਹੁੰਚੀ ਤਾਂ ਸਾਹਮਣੇ ਖੁੱਲ੍ਹੇ ਥਾਂ ਚ ਤਖ਼ਤਪੋਸ਼ ਤੇ ਗੋਲ ਸਿਰਹਾਣੇ ਦਾ ਢੋਹ ਲਾਈ ਇੱਕ ਔਰਤ ਹੁੱਕਾ ਪੀਅ ਰਹੀ ਸੀ |ਸਾਬਰੀ ਨੂੰ ਦੇਖ ਕੇ ਉਹ ਸਿੱਧਾ ਹੋ ਕੇ ਬੈਠਦੀ ਹੋਈ ਧੂੰਏ ਦੇ ਛੱਲੇ ਹਵਾ ਚ ਛੱਡਦੀ ਬੋਲੀ..,..

ਆਓ ਆਓ ਸਾਬਰੀ ਆਓ, ਮੈਂ ਕੁਰਬਾਨ ਜਾਊਂ ਤੇਰੇ
ਪੇ, ਬੜਾ ਇੰਤਜ਼ਾਰ ਕਰਵਾਇਆ ਤੂਨੇ,, ਸੁਬਹਾਨ -ਅੱਲ੍ਹਾਹ ਕਯਾ ਹੁਸਨ ਹੈ |
ਐਸਾ ਗੁਲਾਬ ਤੋ ਆਜ ਤੱਕ ਨੀਂ ਖ਼ਿਲਾ ਇਸ ਕੋਠੇ ਪੇ ਅਬ ਦੇਖਣਾ ਭੰਵਰੇ ਕੈਸੇ ਆਂਏ ਗੇ ਮੰਡਰਾਤੇ ਹੂਏ,,
ਫ਼ੇਰ ਉਹ ਸਾਬਰੀ ਦੀਆਂ ਗੋਰੀਆਂ ਗੱਲ੍ਹਾ ਤੋਂ ਪੁੱਠੇ ਹੱਥ ਦੀਆਂ ਉਂਗਲਾਂ ਨਾਲ ਵਾਲ ਪਾਸੇ

ਹਟਾਉਂਦੀ ਬੋਲੀ.....

ਹੁਸਨ ਤੇਰਾ ਪੱਥਰ ਕੋ ਨਾ ਮੋਹ ਦੇ ਤੋ ਕਹਿਣਾ,,
ਤੁਝੇ ਦੇਖ ਦੀਵਾਨਾ ਹੋਸ਼ ਨਾ ਖੋਹ ਦੇ ਤੋ ਕਹਿਣਾ,,

ਮਾਸ਼ਾ-ਅੱਲਾਹ ਕਿਸੀ ਕੀ ਨਜ਼ਰ ਨਾ ਲਗੇ,, ਉਹ ਆਪਣੀ ਸੱਜੀ ਚੀਚੀ ਨਾਲ ਸੱਜੀ ਅੱਖ ਚੋਂ ਸੁਰਮਾ ਕੱਢ ਕੇ ਸਾਬਰੀ ਦੀ ਗੱਲ੍ਹ ਤੇ ਕਾਲਾ ਟਿੱਕਾ ਲਾਉਂਦੀ ਬੋਲੀ |

ਆਓ ਮੇਰੀ ਬੱਚੀ ਯਹਾਂ ਬੈਠੋ ਮੇਰੇ ਪਾਸ, ਡਰੋ ਮਤ ਆਓ ਆਓ |

ਸਾਬਰੀ ਡਰਦੀ ਡਰਦੀ ਉਹਦੇ ਕੋਲ ਬੈਠ ਗਈ,, ਸਾਬਰੀ ਨੇ ਤੈਰਵੀਂ ਜਹੀ ਨਿਗ੍ਹਾ ਚਾਰੇ ਪਾਸੇ ਮਾਰੀ |

ਕਿੰਨੇ ਹੀ ਨਿੱਕੇ ਨਿੱਕੇ ਕਮਰੇ ਜਿੰਨ੍ਹਾਂ ਨੂੰ ਛੋਟੇ ਛੋਟੇ ਪਲਾਈ ਦੇ ਦਰਵਾਜ਼ੇ ਲੱਗੇ ਹੋਏ ਸਨ,, ਉਹਨਾਂ ਕਮਰਿਆਂ ਵਿੱਚ ਰੋਸ਼ਨੀ ਨਾ-ਮਾਤਰ ਸੀ ਛੋਟੇ ਛੋਟੇ ਲਾਲ ਰੰਗ ਦੇ ਜ਼ੀਰੋ ਵਾਟ ਤੇ ਬਲਬ ਲੱਗੇ ਹੋਏ ਸਨ ਤੇ ਕਮਰਿਆਂ ਦੇ ਦਰਵਾਜ਼ਿਆਂ ਅੱਗੇ ਕਿੰਨੀਆਂ ਹੀ ਕੁੜੀਆਂ ਖੜੀਆਂ ਸਨ |

ਕੋਈ ਬੰਦਾ ਆਉਂਦਾ ਉਹ ਉਸ ਹੁੱਕਾ ਪੀਣ ਵਾਲੀ ਨੂੰ ਪੈਸੇ ਦਿੰਦਾ ਤੇ ਉਹਨਾਂ ਸਾਰੀਆਂ ਕੁੜੀਆਂ ਚੋਂ ਕਿਸੇ ਇੱਕ ਨੂੰ ਲੈ ਕੇ ਅੰਦਰ ਚਲਾ ਜਾਂਦਾ,,,ਇਹ ਆਉਣ ਜਾਣ ਨਿਰੰਤਰ ਜ਼ਾਰੀ ਸੀ ਤੇ ਇਹ ਬਿਲਡਿੰਗ ਕੋਈ 3 ਮੰਜ਼ਿਲ੍ਹਾ ਸੀ |

ਮੇਰਾ ਨਾਮ ਹੈ "ਕਮਲਾ ਬਾਈ" ਮੈਂ ਹੀ ਯਹਾਂ ਸਭ ਦੇਖਤੀ ਹੂੰ |

ਜੀ ਜੀ ਮੇਰਾ ਪਾਸਪੋਰਟ!ਸਾਬਰੀ ਝਿਜਕਦੇ ਝਿਜਕਦੇ ਬੋਲੀ |

ਅਰੇ ਸਾਬਰੀ ਤੂਨੇ ਮਾਡਲ ਹੀ ਬਣਨਾ ਥਾ ਨਾ ਵਾਹਾਂ ਜਾਕਰ ਵੋਹ ਤੁਮ ਕੋ ਹਮ ਇਧਰ ਹੀ ਬਣਾ ਦੇ ਗੇ,,, ਕਮਲਾ ਬਾਈ ਉਹਦੇ ਸਿਰ ਤੇ ਹੱਥ ਫ਼ੇਰਦੀ ਬੋਲੀ |

ਸਾਬਰੀ ਨੂੰ ਇੱਕ ਕਮਰੇ ਵਿੱਚ ਭੇਜ ਦਿੱਤਾ ਗਿਆ ਤੇ ਕਿਸੇ ਕੁੜੀ ਨੂੰ ਕਿਹਾ ਗਿਆ ਕੇ ਸਾਬਰੀ ਨੂੰ ਤਿਆਰ ਕਰੇ |

ਬਾਹਰੋਂ ਕੁੱਝ ਕਮਲਾ ਬਾਈ ਅਵਾਜ਼ਾਂ ਸਾਬਰੀ ਦੇ ਕੰਨਾਂ ਚ ਪੈ ਰਹੀਆਂ ਸਨ,,
ਏਕ ਰਾਤ ਕਾ ਪੱਚੀਸ ਹਜ਼ਾਰ ਲਗੇ ਗਾ ਬਾਬੂ,,ਏਕ ਦਮ ਫਰੈਸ਼ ਪੀਸ ਹੈ,, ਕਿਸੇ ਨੇ ਛੂਆ ਤੱਕ ਨਹੀਂ ਹੈ ਆਜ ਤੱਕ , ਕੱਲ੍ਹ ਹੀ ਆਈ ਏ, ਹੁਸਨ ਐਸਾ ਕੇ ਦੇਖ ਕਰ ਸ਼ੀਸ਼ਾ ਟੂਟ ਜਾਏ |

ਥੋੜੀ ਦੇਰ ਬਾਅਦ ਕਮਲਾ ਬਾਈ ਇੱਕ ਸੇਠ ਨਾਲ ਅੰਦਰ ਆਈ,,
ਦੇਖੋ ਸੇਠ ਹੈ ਨਾ ਕਿਸੇ ਪਰੀ ਕੇ ਮਾਫ਼ਿਕ,, ਹਾਥ ਲਗਾਏ ਵੀ ਮੈਲੀ ਹੋ ਜਾਏ,, ਪੱਚੀਸ ਮੇਂ ਸੌਦਾ ਬੁਰਾ ਨਹੀਂ ਹੈ ਸੇਠ |

ਚਲੋ ਸਾਬਰੀ ਜਲਦੀ ਸੇ ਤਿਆਰ ਹੋ ਜਾਓ,, ਯੇਹ ਸੇਠ ਬਹੁਤ ਬੜੇ ਡਾਇਰੈਕਟਰ ਹੈਂ ਯੇਹ ਆਪ ਕੋ ਮਾਡਲ ਬਣਾਏਂਗੇ |

ਸਾਬਰੀ ਸੇਠ ਨਾਲ ਚਲੀ ਗਈ | ਜਦ ਸੇਠ ਨਸ਼ੇ ਦੀ ਹਾਲਤ ਵਿੱਚ ਸਾਬਰੀ ਦੇ ਕਮਰੇ ਚ ਦਾਖ਼ਿਲ ਹੋਇਆ ਤਾਂ ਸਾਬਰੀ ਇੱਕ ਦਮ ਡਰ ਗਈ |

ਉਹ ਸੇਠ ਮੂਹਰੇ ਹੱਥ ਬੰਨਦੀ ਬੋਲੀ ਪਲੀਜ਼ ਸੇਠ ਮੁਝੇ ਜਾਣੇ ਦੋ ਮੁਝੇ ਘਰ ਜਾਣਾ ਹੈ |
ਮੁਝੇ ਮਾਫ ਕਰਦੋ,, ਜਦ ਸੇਠ ਨਾ ਰੁਕਿਆ,, ਸਾਬਰੀ ਉੱਠ ਕੇ ਭੱਜਣ ਲੱਗੀ,, ਸੇਠ ਨੇ ਐਨੇ

ਜ਼ੋਰ ਦੀ ਸਾਬਰੀ ਦੇ ਮੂੰਹ ਦੇ ਮੁੱਕਾ ਮਾਰਿਆ,, ਉਹਦੇ ਵਿਚਾਰੀ ਦੇ ਨੱਕ ਚੋਂ ਖ਼ੂਨ ਨਿਕਲ ਆਇਆ |
ਸੇਠ ਨੇ ਗੁੱਸੇ ਚ ਕਮਲਾ ਬਾਈ ਨੂੰ ਫੋਨ ਕੀਤਾ |

ਸੇਠ ਗੁੱਸੇ ਚ ਬੋਲਿਆ,, ਲੇ ਕੇ ਜਾਓ ਇਸਕੋ ਸਾਲੀ ਕੋ ਯਹਾਂ ਸੇ ਔਰ ਇਸਕੀ ਜਗ੍ਹਾ ਕੋਈ ਔਰ ਛੋੜ ਜਾਓ |

ਪਰ ਹੁਣ ਜੋ ਹਾਲਤ ਸਾਬਰੀ ਦੀ ਹੋਣ ਵਾਲੀ ਸੀ, ਦੇਖ ਕੇ ਸ਼ਾਇਦ ਉੱਪਰ ਬੈਠੇ, ਉਸ ਦੁਨੀਆਂ ਬਣਾਉਣ ਵਾਲੇ ਦੀ ਰੂਹ ਵੀ ਕੰਬ ਜਾਵੇ |

ਰਸ਼ੀਦ ਤੇ ਓਹਦਾ ਦੋਸਤ ਚੰਦਰ ਸਾਬਰੀ ਨੂੰ ਆ ਕੇ ਲੈ ਗਏ,,
ਕੋਠੇ ਤੇ ਪਹੁੰਚਣ ਸਾਰ ਚੰਦਰ ਨੇ ਸਾਬਰੀ ਦੇ ਏਂਨੇ ਜ਼ੋਰ ਦੀ ਥੱਪੜ ਮਾਰਿਆ ਕੇ ਓਹਦਾ ਸਿਰ ਕੰਧ ਨਾਲ ਜਾ ਵੱਜਿਆ,, ਨੱਕ ਵਿੱਚੋਂ ਤੋਂ ਵਿਚਾਰੀ ਦੇ ਪਹਿਲਾਂ ਹੀ ਖ਼ੂਨ ਨਿਕਲ ਰਿਹਾ ਸੀ |

ਉਹ ਫਰਸ਼ ਤੇ ਡਿੱਗ ਪਈ, ਚੰਦਰ ਨੇ ਬੈਲਟ ਕੱਢ ਲਈ,,ਸਾਬਰੀ ਦੀਆਂ ਚੀਕਾਂ ਪੂਰੀ ਇਮਾਰਤ ਚ ਸੁਣ ਰਹੀਆਂ ਸਨ |
ਰਸ਼ੀਦ ਸਾਬਰੀ ਨੂੰ ਗੁੱਟ ਤੋਂ ਫੜ ਕੇ ਖਿੱਚਦਾ ਹੋਇਆ ਬਾਹਰ ਲੈ ਆਇਆ,, ਕਮਲਾ ਬਾਈ ਗੁੱਸੇ ਚ ਅੱਖਾਂ ਲਾਲ ਕਰੀ ਬੈਠੀ |

ਫ਼ੇਰ ਡੱਬੀ ਚ ਮੂੰਹ ਵਿਚਲਾ ਪਾਨ ਥੁੱਕਦੀ ਬੋਲੀ,, ਚੰਦਰ ਥੋੜ੍ਹਾ ਧਿਆਨ ਸੇ ਇਸਕੇ ਚਿਹਰੇ ਪਰ ਕੋਈ ਨਿਸ਼ਾਨ ਨਾ ਪੜ੍ਹੇ ਨਹੀਂ ਤੋ
ਏਕ ਭੀ ਗ੍ਰਾਹਕ ਨਹੀਂ ਲੱਗੇ ਗਾ,,ਏਕ ਲਾਖ਼ ਬੀਸ ਹਜ਼ਾਰ ਮੇਂ ਖਰੀਦਾ ਹੈ ਅਭੀ ਤੱਕ ਫੂਟੀ ਕੌਡੀ ਨਹੀਂ ਕਮਾਈ ਇਸ ਕੰਬਖ਼ਤ ਸੇ |

ਚੰਦਰ ਨੇ ਬੈਲਟਾਂ ਮਾਰ ਮਾਰ ਸਾਬਰੀ ਦੀ ਢੂਈ ਦੇ ਨਿਸ਼ਾਨ ਪਾ ਦਿੱਤੇ ਸਨ | ਫ਼ੇਰ ਵਾਲਾਂ ਤੋਂ ਫੜ ਘੜੀਸ ਕੇ ਇੱਕ ਕਮਰੇ ਵਿੱਚ ਬੰਦ ਕਰ ਦਿੱਤਾ ਗਿਆ,, ਕਮਲਾ ਬਾਈ ਦਾ ਹੁਕਮ ਸੀ, ਕੋਈ ਵੀ ਸਾਬਰੀ ਨਾਲ ਹਮਦਰਦੀ ਨਹੀਂ ਰੱਖੇ ਗਾ, ਜਦੋਂ ਚਾਰ ਪੰਜ ਦਿਨ ਭੁੱਖੀ ਰਹੁ ਗਈ ਆਪਣੇ ਆਪ ਅਕਲ ਟਿਕਾਣੇ ਆਜੂ ਗੀ |

ਸਾਬਰੀ ਮੂਧੇ ਮੂੰਹ ਬੈੱਡ ਤੇ ਪਈ ਸੀ, ਜ਼ੁਬਾਨ ਸੁੱਕੀ ਹੋਈ ਸੀ, ਪਾਣੀ ਤੱਕ ਨਹੀਂ ਸੀ ਪੀਣ ਨੂੰ ਭੁੱਖ ਓਹਦੀ ਜਾਨ ਕੱਢ ਰਹੀ ਸੀ
ਪਰ ਕੋਠੇ ਤੇ ਦਿਲ ਕਿਸੇ ਵੇਲਿਆਂ ਚ ਜਾਂਦੇ ਹੁੰਦੇ ਸੀ,, ਜਦੋਂ ਓਥੇ
ਜਿਸਮ ਨਹੀਂ ਸੀ ਵਿਕਦੇ ਸਿਰਫ਼ ਨਾਚ ਹੁੰਦੇ ਸੀ, ਉਦੋਂ ਉਹਨਾਂ ਦੇ
ਗਾਹਕ ਨਹੀਂ, ਉਹਨਾਂ ਦੀ ਕਲਾ ਦੇ ਕਦਰਦਾਨ ਆਉਂਦੇ ਹੁੰਦੇ ਸੀ |

ਫ਼ੇਰ ਹੋਲੀ ਹੋਲੀ ਇਹ ਕੋਠੇ ਜਿਸਮ ਫਰੋਸ਼ੀ ਦੇ ਅੱਡੇ ਬਣ ਗਏ |
ਅੱਜ ਕਮਰੇ ਚ ਬੰਦ ਭੁੱਖੀ ਪਿਆਸੀ ਸਾਬਰੀ ਨੂੰ ਦੂਜਾ ਦਿਨ ਸੀ,
ਅੱਜ ਸਾਰੀਆਂ ਕੋਠੇ ਦੀਆਂ ਔਰਤਾਂ ਖੁਦ ਨੂੰ ਵੱਧ ਤੋਂ ਵੱਧ ਸਜਾ ਕੇ ਬੈਠੀਆਂ ਸਨ |

ਅੱਜ ਨਵਾਬ ਮੀਰ-ਉਲ-ਦੀਨ ਇਲਾਹਾਬਾਦੀ ਆ ਰਿਹਾ ਸੀ,, ਸ਼ਾਹੀ ਖ਼ਾਨਦਾਨ ਦਾ ਇੱਕ ਵਿਗੜਿਆ ਬਹੁਤ ਹੀ ਅਮੀਰ ਸ਼ਖਸ, ਹਰ ਇੱਕ ਵੇਸਵਾ ਖੁਦ ਨੂੰ ਸਜਾ ਕੇ ਬੈਠੀ ਸੀ ਕਿਉਂਕਿ ਨਵਾਬ ਨੇ ਝੋਲੀ ਭਰ ਕੇ ਜਾਣਾ ਸੀ |

ਆਖ਼ਿਰ ਉਹ ਘੜੀ ਆ ਗਈ ਜਿਸਦਾ ਸਭ ਨੂੰ ਇੰਤਜ਼ਾਰ ਸੀ,
ਸਲਾਮ ਕਮਲਾ ਬਾਈ,, ਔਰ ਸਭ ਖੈਰੀਅਤ ਹੈ ਨਾ,, ਨਵਾਬ ਨੇ ਆਉਂਦਿਆ ਹੀ ਕਮਲਾ ਬਾਈ ਨੂੰ ਸਲਾਮ ਕੀਤਾ,,ਸਭ ਬੜੀਆ ਹੈ ਨਵਾਬ ਸਾਹਬ,,ਆਪ ਕੈਸੇ ਤਸ਼ਰੀਫ ਲੇ ਆਏ ਹਮਾਰੇ ਗਰੀਬ ਖਾਨੇ ਮੇਂ ਪੂਰਾ ਇਲਾਹਾਬਾਦ ਛੋੜ ਕਰ,, ਆਜ ਹਮਾਰੀ ਯਾਦ ਕੈਸੇ ਆਈ ਨਵਾਬ ਕੋ ਕੇ ਰਾਸਤਾ ਭੂਲ ਗਏ? ਕਮਲਾ ਬਾਈ ਅਦਾਵਾਂ ਬਿੱਖੇਰ ਦੀ ਬੋਲੀ |

ਆਏ ਥੇ ਆਪਕੇ ਸ਼ਹਿਰ ਮੇਂ ਮੁਸਫ਼ਿਰ ਕੀ ਤਰ੍ਹਾਂ
ਸੋਚਾ ਦੋ ਪਲ ਰੁਕ ਜਾਏਂ ਆਪਕੇ ਕੂਚੇ ਮੇਂ
ਵੋਹ ਭੀ ਕਿਸੀ ਮੁਸਫ਼ਿਰ ਕੀ ਤਰ੍ਹਾਂ |
ਨਵਾਬ ਨੇ ਸ਼ੇਅਰ ਬੋਲ ਕੇ ਕਮਲਾ ਬਾਈ ਦੇ ਸਾਰੇ ਸਵਾਲ ਖਾਮੋਸ਼ ਕਰ ਦਿੱਤੇ |

ਬੋਲੋ ਨਵਾਬ ਕੀ ਖਿਦਮਤ ਮੇਂ ਕਯਾ ਪੇਸ਼ ਕੀਆ ਜਾਏ ਨਵਾਬ ਸਾਹਬ?

ਵੋਹ ਹਮ ਖੁਦ ਦੇਖੇਂ ਗੇ,, ਕਮਲਾ ਬਾਈ |

ਨਵਾਬ ਤੁਰਦਾ ਤੁਰਦਾ ਸਾਬਰੀ ਦੇ ਕਮਰੇ ਅੱਗੇ ਰੁਕ ਗਿਆ,,ਨਵਾਬ ਕੁੰਡਾ ਖੋਲ ਅੰਦਰ ਚਲਾ ਗਿਆ, ਸਾਬਰੀ ਭੁੱਖ ਨਾਲ ਪਿਆਸ ਨਾਲ ਵਿਆਕੁਲ ਹੋਈ, ਮਰਿਆਂ ਵਾਂਗ ਪਈ ਸੀ,ਉਸ ਵਿੱਚ ਹੁਣ ਏਨੀ ਹਿੰਮਤ ਵੀ ਨਹੀਂ ਸੀ ਬਚੀ ਕੇ ਉਹ ਨਵਾਬ ਦਾ ਵਿਰੋਧ ਕਰ ਸਕਦੀ, ਆਖ਼ਿਰ ਉਹੀ ਹੋਇਆ ਜਿਸਦਾ ਡਰ ਸੀ,, ਕੋਮਲ ਕਲੀ ਨੂੰ ਮਿੱਧ ਦਿੱਤਾ ਗਿਆ,, ਲਾਚਾਰ ਤੇ ਭੁੱਖ ਨਾਲ ਬੇਵੱਸ ਸਾਬਰੀ ਨਾਲ ਹੋਇਆ ਇਹ ਪਹਿਲਾ ਬਲਾਤਕਾਰ ਸੀ,, ਪਰ ਹਲੇ ਤਾਂ ਪੀੜਾਂ ਨੇ ਸ਼ੁਰੂਆਤ ਕੀਤੀ ਸੀ,, ਜ਼ਖਮ ਤਾਂ ਹਲੇ ਜ਼ਿੰਦਗੀ ਨੇ ਅੱਗੇ ਚੱਲ ਕੇ ਦੇਣੇ ਸੀ, ਉਹ ਵੀ ਨਾ ਭਰਨ ਵਾਲੇ ਜ਼ਖਮ |

ਭੁੱਖ ਪਿਆਸ ਨਾਲ ਬੇ-ਸੁਰਤ ਸਾਬਰੀ ਨਾਲ ਉਹ ਆਪਣੀ ਜਿਸਮ ਦੀ ਭੁੱਖ ਤੇ ਪਿਆਸ ਦੋਨੋਂ ਮਿਟਾ ਆਇਆ ਸੀ,,|

ਨਵਾਬ ਆਪਣੇ ਗਲ਼ ਚੋਂ ਸੋਨੇ ਦੀ ਬਹੁਤ ਮੋਟੀ ਚੈਨੀ ਲਾਹ ਕੇ ਕਮਲਾ ਬਾਈ ਦੇ ਹੱਥ ਤੇ ਰੱਖਦਾ ਬੋਲਿਆ,,,, ਕਮਲਾ ਬਾਈ ਵੈਸੇ ਤੋ ਇਸ ਹੀਰੇ (ਸਾਬਰੀ) ਕੀ ਕੋਈ ਕੀਮਤ ਨਹੀਂ ਹੈ,, ਲੇਕਿਨ ਫਿਲਹਾਲ ਜੇ ਰੱਖੋ ਪਾਂਚ ਲਾਖ਼ ਕੀ ਹੈ,, ਆਜ ਸੇ ਲੜਕੀ ਹਮਾਰੀ ਹੂਈ |

ਬਾਕੀ ਜਿਤਨਾ ਬੋਲੋਗੀ ਹਮ ਪੁਹੰਚਾ ਦੇਂ ਗੇ ਆਪ ਕੋ,,

ਦੇਖੋ ਨਵਾਬ ਸਾਹਬ,, ਛੋਟਾ ਮੂੰਹ ਬੜੀ ਬਾਤ,, ਵੈਸੇ ਤੋ ਯੇਹ ਲੜਕੀ ਲਾਖੋਂ ਮੇਂ ਕਮਾਣੇ ਵਾਲੀ ਹੈ,,ਲੇਕਿਨ ਕਮਲਾ ਬਾਈ ਕਾ ਦਿਲ ਬਹੁਤ ਬੜਾ ਹੈ,, ਬੱਸ ਇਤਨਾ ਔਰ ਭੇਜ ਦੇਣਾ ਲੜਕੀ ਆਪ ਲੇ ਜਾਓ |

ਸਾਬਰੀ ਅੱਜ ਦੂਜੀ ਵਾਰ ਵਿਕ ਗਈ ਸੀ, ਦਸ ਲੱਖ ਚ, ਪਹਿਲਾਂ ਇੱਕ ਲੱਖ ਵੀਹ ਹਜ਼ਾਰ ਚ ਕਮਲਾ ਬਾਈ ਤੇ ਕੋਠੇ ਤੇ ਵੇਚੀ ਗਈ ਸੀ |

ਮੱਝ ਗਾਂ ਵਾਂਗੂ ਉਹਨੂੰ ਅੱਗੇ ਤਾਂ ਵੇਚ ਦਿੱਤਾ ਗਿਆ, ਪਰ ਉਹਨੂੰ ਕੀ ਮਿਲਿਆ ਸੀ ਕੁੱਝ ਵੀ ਨਹੀਂ | ਬੱਸ ਇੱਕ ਤਸੱਲੀ ਜ਼ਰੂਰ ਮਿਲ ਗਈ ਸੀ ਕੇ ਹੁਣ ਉਹ ਕਿਸੇ ਇੱਕ ਨਵਾਬ ਦੇ ਮਹਿਲ ਦਾ ਸ਼ਿੰਗਾਰ ਬਣਨ ਜਾ ਰਹੀ ਸੀ, ਹੁਣ ਉਹਨੂੰ ਰੋਜ ਰੋਜ ਕਿਸੇ ਅੱਗੇ ਆਪਣੇ ਆਪ ਨੂੰ ਵੇਚਣਾ ਨਹੀਂ ਸੀ ਪੈਣਾ |

ਓਧਰ ਵੀਰ ਬਹਾਦਰ ਤੇ ਭਾਵਾਰੂਪਾ ਨੂੰ ਫ਼ਿਕਰ ਹੋ ਰਿਹਾ ਸੀ, ਕਿਉਂਕਿ ਉਹਨਾਂ ਧੀ ਨੂੰ ਘਰੋਂ ਗਈ ਨੂੰ ਦਸ ਦਿਨ ਹੋ ਚੁੱਕੇ ਸਨ, ਹਲੇ ਤੱਕ ਓਹਦਾ ਕੋਈ ਫੋਨ ਵੀ ਨਹੀਂ ਸੀ ਆਇਆ,, ਉਹਨਾਂ ਦੋਵਾਂ ਨਾਲੋਂ ਵੱਧ ਚਿੰਤਾ ਸੀ ਅਰਮਾਨ ਨੂੰ ਜੋ ਸਾਬਰੀ ਨੂੰ ਜ਼ਿੰਦ ਜਾਨ ਤੋਂ ਵੱਧ ਪਿਆਰ ਕਰਦਾ ਸੀ |

ਇੱਕ ਦਿਨ ਵੀਰ ਬਹਾਦਰ ਅਰਮਾਨ ਨੂੰ ਲੈ ਕੇ ਕਲਕੱਤੇ ਟਰੈਵਲ ਵਾਲਿਆਂ ਤੋਂ ਪਤਾ ਕਰਨ ਚਲਾ ਗਿਆ,, ਪਰ ਓਥੇ ਨਾ ਤਾਂ ਕੋਈ ਦਫ਼ਤਰ ਸੀ ਤੇ ਨਾ ਹੀ ਕੋਈ ਉਹ ਬੰਦਾ ਮਿਲਿਆ ਜਿਸ ਨੂੰ ਉਹਨਾਂ ਨੇ ਪੈਸੇ ਦਿੱਤੇ ਸੀ,,, ਵੀਰ ਬਹਾਦਰ ਦੀ ਆਖ਼ਰੀ ਉਮੀਦ ਦੀ ਕਿਰਨ ਵੀ ਬੁੱਝਦੀ ਨਜ਼ਰ ਆ ਰਹੀ ਸੀ |

ਪਰ ਅਰਮਾਨ ਉਸਨੂੰ ਹੌਂਸਲਾ ਦੇ ਰਿਹਾ ਸੀ,, ਅੰਕਲ ਆਪ ਫ਼ਿਕਰ ਮਤ ਕਰੋ ਸਾਬਰੀ ਇੱਕ ਦਿਨ ਪੱਕਾ ਮਿਲ ਜਾਊਗੀ |
ਓਧਰ ਸਾਬਰੀ ਨੂੰ ਥੋੜੀ ਤੱਸਲੀ ਸੀ ਕੇ ਹੁਣ ਘਟੋ ਘੱਟ ਉਹ ਕਿਸੇ ਇੱਕ ਦੀ ਤਾਂ ਬਣ ਗਈ ਸੀ | ਪਰ ਇਹ ਵਹਿਮ ਵੀ ਓਹਦਾ ਬੱਦਲ ਦੀ ਛਾਂ ਵਰਗਾ ਸੀ, ਜੋ ਛਾਂ ਛੇਤੀ ਹੀ ਫ਼ੇਰ ਤੋਂ ਗਮਾਂ ਦੀ ਧੁੱਪ ਵਿੱਚ ਬਦਲਣ ਵਾਲੀ ਸੀ,, ਸ਼ਾਇਦ ਏਸ ਤੋਂ ਵੀ ਤਿੱਖੀ ਤੇ ਭਿਆਨਕ ਧੁੱਪ ਜੋ ਪਿੰਡਾਂ ਲੂਹ ਦੇਵੇ...|

ਨਵਾਬ,, ਆਪਣੀ ਗੱਡੀ ਚ ਬਿਠਾ ਕੇ ਸਾਬਰੀ ਨੂੰ ਇਲਾਹਾਬਾਦ ਨੂੰ ਰਵਾਨਾ ਹੋ ਗਿਆ |

ਸਾਬਰੀ ਫ਼ੇਰ ਤੋਂ ਸ਼ੀਸੇ ਵਿੱਚੋਂ ਦਿੱਲੀ ਦੀਆਂ ਭੀੜੀਆਂ ਭੀੜੀਆਂ ਗਲੀਆਂ ਦੇਖ ਰਹੀ ਸੀ,, ਪਰ ਅੱਜ ਓਹਦੇ ਚਿਹਰੇ ਤੇ ਉਹ ਖੁਸ਼ੀ ਨਹੀਂ ਸੀ,, ਜੋ ਪਹਿਲੇ ਦਿਨ ਦਿੱਲੀ ਵੜਨ ਵੇਲੇ ਹੋਈ ਸੀ,,,ਜਦ ਉਹ ਪੈਰਸ ਜਾਣ ਲਈ ਦਿੱਲੀ ਆਈ ਸੀ , ਕਿੰਨੀ ਖੁਸ਼ੀ ਹੋਈ ਸੀ ਏਡਾ ਵੱਡਾ ਸ਼ਹਿਰ ਦੇਖ ਕੇ, ਪਰ ਉਹਨੂੰ ਸਮਝ ਆ ਗਈ ਸੀ ਦਿੱਲੀ ਦਿਲ ਵਾਲੋਂ ਕੀ ਨਹੀਂ ਬਲਕਿ ਦਿੱਲੀ ਦਾਲਾਂਲੋ ਕੀ ਹੈ |

ਸੋਚਾਂ ਚ ਡੁੱਬੀ ਘਰੋਂ ਪੈਰਸ ਦੇ ਸੁਪਨੇ ਲੈ ਕੇ ਨਿਕਲੀ ਏਜੰਟਾਂ ਦੇ ਧੋਖੇ ਦਾ ਸ਼ਿਕਾਰ ਹੋਈ ਸਾਬਰੀ ਆਖ਼ਿਰ ਇਲਾਹਾਬਾਦ ਪਹੁੰਚ ਗਈ |

ਓਹਦੀ ਬਚੀ ਖੁਚੀ ਖੁਸ਼ੀ ਵੀ ਦਮ ਤੋੜ ਗਈ, ਜਦ ਉਹ ਨਵਾਬ ਦੇ ਮਹਿਲ ਦੀ ਜਗ੍ਹਾ ਇਲਾਹਾਬਾਦ ਦੇ ਮੀਰਗੰਜ ਦੇ ਅਣਲਿਗਲ ਰੈੱਡ ਲਾਈਟ ਏਰੀਏ ਚ ਪਹੁੰਚਾਂ ਦਿੱਤੀ ਗਈ |

ਇਥੋਂ ਦੀ ਚਕਲੇ ਦੀ ਮਾਲਕਣ ਦਾ ਨਾਮ ਸੀ ਸੁਲਤਾਨਾ ਬੇਗ਼ਮ,, ਕਿਸੇ ਵਕ਼ਤ ਆਪਣੇ ਹੁਸਨ ਨਾਲ ਇਲਾਹਾਬਾਦ ਦੇ ਨਵਾਬਾਂ ਦੇ ਦਿਲ ਲੁੱਟਣ ਵਾਲੀ ਸੁਲਤਾਨਾ ਬੇਗ਼ਮ ਹੁਣ ਬੁੱਢੀ ਹੋ ਚੁੱਕੀ ਸੀ |

ਨਵਾਬ ਸੁਲਤਾਨਾ ਬੇਗ਼ਮ ਨੂੰ ਸਲਾਮ ਕਰਦਾ ਬੋਲਿਆ,,
ਬੇਗ਼ਮ ਸਾਹਿਬਾ,, ਅਦਾਬ.. ਯੇਹ ਹਮ ਹਮਾਰੀ ਏਕ ਅਮਾਨਤ ਆਪ ਕੇ ਪਾਸ ਛੋੜ ਕੇ ਜਾ ਰਹੇਂ ਹੈਂ,, ਖਿਆਲ ਰੱਖੀਏ ਇਨਕਾ ਇਨਕੋ ਕਿਸੀ ਪ੍ਰਕਾਰ ਕੀ ਕੋਈ ਤਕਲੀਫ ਨਹੀਂ ਹੋਣੀ ਚਾਹੀਏ |
ਔਰ ਯੇਹ ਹਮਾਰੀ ਅਮਾਨਤ ਹੈ,, ਸਿਰਫ਼ ਔਰ ਸਿਰਫ਼ ਹਮਾਰੀ ਕਿਸੇ ਕੇ ਸਾਹਮਣੇ ਪੇਸ਼ ਮਤ ਕਰਨਾ,,
ਹਮ ਬਹੁਤ ਥਕੇ ਹੂਏ ਹੈਂ ਅਬ ਹਮ ਚਲਤੇ ਹੈਂ |
(ਨਵਾਬ ਇਹਨਾਂ ਕਹਿੰਦਾ ਓਥੋਂ ਰੁਖ਼ਸਤ ਹੋ ਗਿਆ )
ਸੁਲਤਾਨਾ ਬੇਗ਼ਮ ਸਾਬਰੀ ਨੂੰ ਕੋਲ ਬੁਲਾਉਂਦੀ ਬੋਲੀ,, ਕਿਆ ਨਾਮ ਹੈ ਲੜਕੀ ਆਪ ਕਾ?

ਜੀ, ਜੀ.. ਸਾਬਰੀ,,, ਸਾਬਰੀ ਕੰਬਦੀ ਅਵਾਜ਼ ਚ ਬੋਲੀ |

ਨਾਮ ਤੋ ਬਹੁਤ ਪਿਆਰਾ ਹੈ,, ਅਗਰ ਸਾਥ ਮੇਂ ਬੇਗ਼ਮ ਲਗ ਜਾਏ,, ਸਾਬਰੀ ਬੇਗ਼ਮ,,...... ਕਹਾਂ ਕੀ ਰਹਿਣੇ ਵਾਲੀ ਹੋ?

ਜੀ,, ਜੀ,, ਮੈਂ ਦਾਰਜ਼ਲਿੰਗ..|

ਸਾਬਰੀ ਦੀਆਂ ਗ਼ਜ਼ ਲੰਬੀਆਂ ਜ਼ੁਲਫ਼ਾਂ ਵਿੱਚੋਂ ਦਿਸਦਾ ਚਿਹਰਾ ਇੰਝ ਲੱਗ ਰਿਹਾ ਸੀ,, ਜਿਵੇਂ ਘਣਘੋਰ ਕਾਲੇ ਬੱਦਲਾਂ ਚੋਂ ਚੰਨ ਝਾਤੀਆਂ ਮਾਰ ਰਿਹਾ ਹੋਵੇ,,ਮੋਟੀਆਂ ਸ਼ਾਹ ਕਾਲੀਆਂ ਅੱਖਾਂ ਕਿਸੇ ਹਿਰਨੀ ਦਾ ਭੁਲੇਖਾ ਪਾ ਰਹੀਆਂ ਸਨ |

ਸੁਲਤਾਨਾ ਬੇਗ਼ਮ ਨੇ ਸਾਬਰੀ ਨੂੰ ਇੱਕ ਕਮਰੇ ਵਿੱਚ ਭੇਜ ਦਿੱਤਾ |
ਸਾਬਰੀ ਬੈੱਡ ਤੇ ਲੰਮੀ ਪਈ ਮੁੱਠੀਆਂ ਚ ਬੈੱਡ ਦੀ ਚਾਦਰ ਘੱਟ ਕੇ ਛੱਤ ਵੇਖਦੀ ਰੋਂਦੀ ਰਹੀ,

ਪਤਾ ਨੀਂ  ਰੱਬ ਕਿਹੜੇ ਗੁਨਾਹਾਂ ਦੀ ਸਜ਼ਾ ਦੇ ਰਿਹਾ ਸੀ ਤੱਤੜੀ ਨੂੰ |
ਹਲੇ ਉਹਨੂੰ ਪਈ ਨੂੰ ਘੰਟਾ ਵੀ ਨਹੀਂ ਸੀ ਹੋਇਆ,, ਕੇ ਉਹਦੇ ਕਮਰੇ ਦਾ ਬੂਹਾ ਖੜਕਿਆ.. ਠੱਕ.. ਠੱਕ..

ਸਾਬਰੀ ਨੇ ਉੱਠ ਕੇ ਬੂਹਾ ਖੋਲਿਆ,, ਸੁਲਤਾਨਾ ਕਿਸੇ ਸੇਠ ਨੂੰ ਲੈ ਕੇ ਖੜੀ ਸੀ |

ਸਾਬਰੀ ਬੇਗ਼ਮ ਜਲਦੀ ਸੇ ਤਿਆਰ ਹੋ ਜਾਓ,, ਦੇਖੋ ਕਿਤਨੇ ਬੜੇ ਸੇਠ ਆਂਏ ਹੈਂ,, ਆਪਕੇ ਹੁਸਨ ਕੀ ਕਦਰ ਕਰਨੇ |

ਸਾਬਰੀ ਦਾ ਰੋਣ ਨਿਕਲ ਗਿਆ,, ਮਾਲਕਿਣ ਯੇਹ ਕਦਰ ਕਰਨੇ ਨਹੀਂ ਮੇਰਾ ਜਿਸਮ ਨੋਚਣੇ ਆਂਏ ਹੈਂ.... ਆਪ ਨੇ ਤੋ ਨਵਾਬ ਸਾਹਬ ਸੇ ਵਾਅਦਾ ਕੀਆ ਥਾ.,.....

ਸਾਬਰੀ ਦੀ ਗੱਲ ਹਲੇ ਪੂਰੀ ਵੀ ਨਹੀਂ ਸੀ ਹੋਈ ਕੇ ਸੁਲਤਾਨਾ ਬੇਗ਼ਮ ਦਾ ਗੁੱਸੇ ਭਰਿਆ ਬੋਲ ਉਹਦੇ ਕੰਨਾਂ ਦੇ ਪਰਦੇ ਚੀਰ ਗਿਆ,, ਲੜਕੀ ਹਮ ਕੋ ਮਤ ਸਿਖਾ,, ਯਹਾਂ ਕੇ ਕਾਇਦੇ ਕਨੂੰਨ ਉਤਨੀ ਤੇਰੀ ਉਮਰ ਨਹੀਂ ਹੈ ਜਿਤਨੀ ਮੈਨੇ ਇਸ ਕੋਠੋ ਪੇ ਗੁਜ਼ਾਰ ਦੀ, ਮੈਂ ਭੀ ਤੇਰੀ ਤਰ੍ਹਾਂ ਕਿਸੀ ਕੀ ਅਮਾਨਤ ਬਣ ਕਰ ਹੀ ਆਈ ਥੀ |
ਹਾਂ,, ਏਕ ਬਾਤ ਔਰ ਇਸ ਕੇ ਬਾਰੇ ਅਗਰ ਨਵਾਬ ਕੋ ਬਾਤਾਇਆ ਤੋ ਪਤਾ ਭੀ ਨਹੀਂ ਚੱਲੇ ਗਾ, ਕਹਾਂ ਖ਼ਤਮ ਕਰ ਦੀ ਜਾਉ ਗੀ |

ਸਾਬਰੀ ਬਿਲਕੁੱਲ ਡਰ ਗਈ, ਅਜ਼ਨਬੀ ਸ਼ਹਿਰ ਤੇ ਅਜ਼ਨਬੀ ਲੋਕ ਇਥੋਂ ਤਾਂ ਓਹਦੀ ਖ਼ਬਰ ਉਹਦੀ ਮਾਂ ਕੋਲ ਪੰਹਚਾਉਣ ਵਾਲਾ ਕੋਈ ਨਹੀਂ ਸੀ |

ਸਲਤਾਨਾ ਬੇਗ਼ਮ ਸਾਬਰੀ ਦਾ ਹੱਥ ਫੜ ਬੈੱਡ ਤੇ ਬਿਠਾਉਂਦੀ ਅਦਾ ਬਦਲਦੀ ਬੋਲੀ,,ਦੇਖ ਬੇਟੀ ਯੇਹ ਦੁਨੀਆਂ ਇੱਕ ਸਰਕਸ ਹੈ ਹਮ ਕਠਪੁਤਲੀਆਂ,, ਬੱਸ 10-15 ਮਿੰਟ ਕੇ ਤਮਾਸ਼ਾ

ਕਰਨਾ ਹੈ,, ਫ਼ਿਰ ਗਾਹਕ ਖੁਸ਼ ਪੈਸੇ ਹਮਾਰੀ ਜੇਬ ਮੇਂ,,,
ਇਹ ਗੱਲ ਬੜੀ ਅਦਬ ਨਾਲ ਅਦਾ ਬਦਲ ਕੇ ਸਾਬਰੀ ਨੂੰ ਸਮਝਾ ਦਿੱਤੀ ਉਂਝ ਵੀ ਕੋਠੇਆਂ ਤੇ ਮੁੱਲ ਹੀ ਨਖ਼ਰੇ ਤੇ ਅਦਾਵਾਂ ਦਾ ਪੈਂਦਾ।

ਸਾਬਰੀ ਹੱਢ ਮਾਸ ਦਾ ਬੇ-ਜਾਨ ਪੁਤਲਾ ਲੈ ਕੇ ਬੈੱਡ ਤੇ ਲੇਟ ਗਈ,, ਹੁੰਦਾ ਰਿਹਾ ਇੱਕ ਔਰਤ ਦਾ ਚੀਰਹਰਣ ਇੱਕ ਔਰਤ ਦੇ ਹੀ ਕਹਿਣ ਤੇ।

ਹੁਣ ਤਾਂ ਪਤਾ ਨੀਂ ਕਿੰਨੀ ਵਾਰ ਦਿਨ ਵਿੱਚ ਓਹਦਾ ਬੂਹਾ ਖੁਲਦਾ ਤੇ ਕਿੰਨੀ ਵਾਰ ਬੰਦ ਹੁੰਦਾ ਉਹਨੂੰ ਗਿਣਤੀ ਵੀ ਨਾ ਰਹਿੰਦੀ |
ਨਵਾਬ ਮੀਰ-ਉਲ-ਦੀਨ ਤਾਂ ਹਫ਼ਤੇ ਚ ਇੱਕ ਵਾਰ ਹੀ ਆਉਂਦਾ ਸੀ,, ਸਾਬਰੀ ਉਹਨੂੰ ਚਾਹ ਕੇ ਵੀ ਨਾ ਦੱਸ ਸਕੀ ਕੇ ਤੁਹਾਡੀ ਅਮਾਨਤ ਚ ਖਿਆਨਤ ਕੀਤੀ ਜਾ ਰਹੀ ਹੈ |

ਬਾਕੀ ਕੋਠੇ ਵਾਲੀਆਂ ਕੁੜੀਆਂ ਨੇ ਸਾਬਰੀ ਨਾਲ ਨਫ਼ਰਤ ਪਾਲਣੀ ਸ਼ੁਰੂ ਕਰ ਦਿੱਤੀ ਸੀ, ਕਿਉਂਕਿ ਉਹਨਾਂ ਦੇ ਸਾਰੇ ਗਾਹਕ ਹੁਣ ਸਾਬਰੀ ਕੋਲ ਜਾਣ ਲੱਗ ਪਏ ਸਨ। ਕਿਉਂਕਿ ਇਹ ਦੁਨੀਆਂ ਦਾ ਦਸਤੂਰ ਆ ਜਦ ਕੋਈ ਨਵੀਂ ਵਸਤੂ ਬਾਜ਼ਾਰ ਚ ਆਉਂਦੀ ਆ ਲੋਕ ਉਹਦੇ ਵੱਲ ਭੱਜਦੇ ਆ।

ਇੱਕ ਦਿਨ ਜਦ ਸੁਲਤਾਨਾ ਕਿਤੇ ਕਿਸੇ ਕੰਮ ਲਈ ਬਾਹਰ ਗਈ ਹੋਈ ਸੀ,, ਕਿਸੇ ਛੋਟੀ ਗੱਲ ਦਾ ਝਗੜਾ ਬਣਾ ਕੇ ਬਾਕੀ ਕੁੜੀਆਂ ਨੇ ਸਾਬਰੀ ਵਾਲਾਂ ਤੋਂ ਫੜ ਕੇ ਬੜੀ ਬੁਰੀ ਤਰ੍ਹਾਂ ਕੁੱਟਿਆ,,
ਗਾਹਕਾਂ ਨੂੰ ਲੈ ਕੇ ਵੇਸਵਾਵਾਂ ਵਿੱਚ ਲੜਾਈ ਝਗੜਾ ਆਮ ਹੀ ਹੁੰਦਾ ਰਹਿੰਦਾ।

ਸਾਬਰੀ ਸਾਰਾ ਦਿਨ ਰੋਂਦੀ ਹੋਈ ਬਾਰੀ ਚ ਬੈਠੀ ਰਹੀ,, ਸੜਕ ਤੇ ਲੰਘਦੇ ਲੋਕਾਂ ਨੂੰ ਦੇਖਦੀ ਰਹੀ,, ਉਹਨੇ ਦੇਖਿਆ ਇੱਕ ਮੁੰਡਾ ਸਾਈਕਲ ਤੇ ਕੋਈ

ਪੁਰਾਣਾ ਫ਼ਿਲਮੀ ਗੀਤ ਗਾਉਂਦਾ ਆ ਰਿਹਾ ਸੀ....

ਚਿਹਰੇ ਪੇ ਖੁਸ਼ੀ ਛਾਅ ਜਾਤੀ ਹੈ
ਔਰ ਆਂਖੋਂ ਮੇਂ ਸਰੂਰ ਆ ਜਾਤਾ ਹੈ....
ਜਬ ਤੁਮ ਹਮੇ ਆਪਣਾ ਕਹਿਤੇ ਹੋ ਤੋ,
ਆਪਣੇ ਪੇ ਗਰੂਰ ਆ ਜਾਤਾ ਹੈ....,.

ਸਿਰ ਤੇ ਉਹਨੇ ਗੋਲ ਟੋਪੀ ਲਈ ਹੋਈ ਸੀ ਮੁਸਲਮਾਨਾਂ ਵਾਲੀ ਤੇ ਸਾਈਕਲ ਦਾ ਚੈਨ ਕਵਰ ਨਾ ਹੋਣ ਕਰਕੇ, ਸੱਜੇ ਪਾਸੇ ਵਾਲਾ ਸਲਵਾਰ ਦਾ ਪੌਂਚਾਂ ਉੱਪਰ ਤੱਕ ਮੋੜਿਆ ਹੋਇਆ ਸੀ,,, ਉਹ ਕਦੇ ਸਾਈਕਲ ਸੜਕ ਤੇ ਇਧਰਲੀ ਕੰਨੀ ਤੇ ਲੈ ਆਉਂਦਾ ਕਦੇ ਸੜਕ ਦੀ ਉਧਰਲੀ ਕੰਨੀ ਲੈ ਜਾਂਦਾ। ਉਹ ਆਪਣੀ ਹੀ ਦੁਨੀਆਂ ਚ ਮਸਤ ਲੱਗ ਰਿਹਾ ਸੀ, ਸਭ ਕਾਸੇ ਤੋਂ ਬੇ -ਖ਼ਬਰ |

ਉਹਨੂੰ ਦੇਖ ਕੇ ਸਾਬਰੀ ਦਾ ਹਾਸਾ ਨਿਕਲ ਗਿਆ,, ਉਹ ਵੀ ਸਾਈਕਲ ਰੋਕ ਕੇ ਸਾਬਰੀ ਨੂੰ ਦੇਖ ਕੇ ਹੱਸ ਪਿਆ,, ਸਾਬਰੀ ਨੇ ਬਾਰੀ (ਖਿੜਕੀ) ਚੋਂ ਉਹਨੂੰ ਹੱਥ ਹਿਲਾਇਆ,, ਉਹਨੇ ਵੀ ਅੱਗੋਂ ਹੱਥ ਹਿਲਾ ਦਿੱਤਾ। ਉਹ ਫ਼ੇਰ ਤੋਂ ਸਾਈਕਲ ਦੇ ਪੈਡਲ ਮਾਰਦਾ ਅੱਗੇ ਨਿਕਲ ਗਿਆ,,

ਸਾਬਰੀ ਕਿੰਨਾਂ ਚਿਰ ਉਸ ਬੇਖ਼ਬਰ ਜਹੇ ਮਾਸੂਮ ਨੂੰ ਦੇਖਦੀ ਰਹੀ ਜੋ ਮਸਾਂ ਕੋਈ 14 ਕੁ ਸਾਲ ਦਾ ਸੀ। ਸਾਬਰੀ ਦੀ ਕੋਈ ਜਾਣ -ਪਹਿਚਾਣ ਨਹੀਂ ਸੀ ਉਹਦੇ ਨਾਲ ਫ਼ੇਰ ਵੀ ਉਹ ਸਾਬਰੀ ਨੂੰ ਇੱਕ ਜੀਣ ਦਾ ਵਜ੍ਹਾ ਦੇ ਗਿਆ ਸੀ |

ਉਹ ਲੜਕਾ ਰੋਜ ਉਥੋਂ ਲੰਘਦਾ,, ਸਾਬਰੀ ਰੋਜ ਉਸਨੂੰ ਲੰਘਦੇ ਨੂੰ ਦੇਖਦੀ ਉਹਨੂੰ ਵੇਖ ਕੇ ਸਾਬਰੀ ਦੇ ਉਦਾਸ ਚਿਹਰੇ ਤੇ ਇੱਕ ਖੁਸ਼ੀ ਆ ਜਾਂਦੀ | ਉਹ ਗਾਉਣ ਲੱਗ ਜਾਂਦੀ...

ਚਿਹਰੇ ਪੇ ਖੁਸ਼ੀ ਛਾਅ ਜਾਤੀ ਹੈ,
ਆਂਖੋਂ ਮੇਂ ਸਰੂਰ ਆ ਜਾਤਾ ਹੈ....

ਅੱਜ ਸਵੇਰ ਤੋਂ ਮੀਂਹ ਪੈ ਰਿਹਾ ਸੀ,, ਉਹ ਮੁੰਡਾ ਸਾਈਕਲ ਨੂੰ ਰੇੜਦਾ ਲਿਆ ਰਿਹਾ ਸੀ,,ਸਾਈਕਲ ਦਾ ਪਿਛਲਾ ਚੱਕਾ ਵਿੰਗਾਂ ਹੋਇਆ ਵਿਆ ਸੀ,ਤੇ ਉਹਦੀ ਕੂਹਣੀ ਚੋਂ ਵੀ ਖੂਨ ਨਿਕਲ ਰਿਹਾ ਸੀ । ਮੀਂਹ ਤੋਂ ਬਚਣ ਲਈ ਉਹ ਸਾਬਰੀ ਵਾਲੇ ਕੋਠੇ ਦੇ ਪੜਛੱਤੇ ਥੱਲੇ ਖੜ੍ਹਾ ਹੋ ਗਿਆ।
ਸਾਬਰੀ ਨੇ ਅਵਾਜ਼ ਮਾਰਦੇ ਪੁੱਛਿਆ,,ਕਿਆ ਹੂਆ??

ਕੁਛ ਨਹੀਂ ਦੀਦੀ ਕਿਸੀ ਨੇ ਗਾਡੀ ਠੋਕ ਦੀ, ਔਰ ਮੇਰੇ ਕੋ ਗਾਲੀ ਭੀ ਨਿਕਾਲੀ ਦੀਦੀ ।

ਦੀਦੀ ਸ਼ਬਦ ਸੁਣਦਿਆਂ ਹੀ ਸਾਬਰੀ ਦੀਆਂ ਅੱਖਾਂ ਭਰ ਆਈਆਂ,, ਕਿਉਂਕਿ ਇਹ ਸ਼ਬਦ ਕੋਠਿਆਂ ਦੀਆਂ ਹੱਦਾਂ ਦੇ ਅੰਦਰ ਆਉਣ ਤੋਂ ਪਹਿਲਾਂ ਹੀ ਦਮ ਤੋੜ ਦਿੰਦਾ ਹੈ |

ਉਹ ਸਾੜੀ ਦੇ ਲੜ ਨਾਲ ਅੱਖਾਂ ਪੂੰਝਦੀ ਬੋਲੀ,, ਨਾਮ ਕਿਆ ਹੈ ਤੁਮਾਰਾ ?

ਦੀਦੀ.. ਹੈਦਰ ਉਹਨੇ ਥੱਲੋਂ ਖੜੇ ਨੇ ਜਵਾਬ ਦਿੱਤਾ ।

ਯਹਾਂ ਸਾਈਕਲ ਪੇ ਰੋਜ਼ ਕਹਾਂ ਜਾਤੇ ਹੋ?

ਜੀ ਦੀਦੀ ਮੈਂ ਆਗੇ ਕਾਰ ਵਰਕਸ਼ਾਪ ਪੇ ਕਾਮ ਕਰਤਾ ਹੂੰ |

ਔਰ ਆਪ ਕੇ ਪਾਪਾ ਕਿਆ ਕਰਤੇ ਹੈਂ ?

ਦੀਦੀ,, ਮੇਰੇ ਅਬੂ ਨਹੀਂ ਹੈ,,ਮੈਂ ਔਰ ਅੰਮੀ ਦੋਨੋਂ ਹੀ ਹੈਂ ਔਰ ਵੋਹ ਭੀ ਬਿਮਾਰ ਰਹਿਤੀ ਹੈ |

ਕਿਆ ਹੂਆ ਥਾ,ਆਪ ਕੇ ਥਾ ਆਪਕੇ ਅੱਬੂ ਕੋ?

ਜੀ ਵੋਹ ਟਰੱਕ ਚਲਾਤੇ ਥੇ ਏਕ ਬਾਰ ਕਹੀਂ ਕਿਸੀ ਕੀ ਖਰੀਦੀ ਹੂਈ ਗਾਏਂ ਛੋੜਨੇ ਜਾ ਰਹੇ ਥੇ,, ਕੁੱਝ ਕੱਟੜ ਧਾਰਮਿਕ ਲੋਗੋਂ ਨੇ ਟਰੱਕ ਕੋ ਘੇਰ ਲਿਆ,, ਅੱਬੂ ਮੁਸਲਿਮ ਥੇ,,ਉਨਕੋ ਲਗਾ ਕੇ ਕਹੀਂ ਗਾਏਂ ਕੋ ਬੁੱਚੜਖਾਨੇ ਲੇ ਕੇ ਜਾ ਰਹੇਂ ਹੈਂ, ਉਨਹੋ ਨੇ ਅੱਬੂ ਕ ਏਕ ਨਾ ਸੁਣੀ,, ਉਨਕੋ ਮਾਰ ਮਾਰ ਕਰ ਮਾਰ ਦੀਆ।

ਸਾਬਰੀ ਦੀਆਂ ਅੱਖਾਂ ਵਿੱਚ ਹੰਝੂ ਆ ਗਏ,, ਉਹ ਕੱਲੀ ਨਹੀਂ ਸਾਰਾ ਸੰਸਾਰ ਹੀ ਦੁੱਖੀ ਆ ਏਥੇ।

ਠੀਕ ਆ ਦੀਦੀ ਚਲਤਾ ਹੂੰ,ਅਬ ਬਾਰਿਸ਼ ਭੀ ਕਮ ਹੋ ਗਈ ਹੈ ਥੋੜ੍ਹਾ ।

ਆਜ ਕਾਮ ਬਹੁਤ ਹੈ, ਸਾਈਕਲ ਭੀ ਬਨਵਾਣਾ ਹੈ,, ਸ਼ਾਮ ਕੋ ਅੰਮੀ ਕੀ ਦਵਾਈ ਭੀ ਲੈ ਕੇ ਜਾਣੀ ਹੈ,, ਉਹਨੂੰ ਮਾਂ ਦੀ ਦਵਾਈ ਦਾ ਫ਼ਿਕਰ ਸੀ ਪਰ ਆਪਣੀ ਕੂਹਣੀ ਤੇ ਨਿਕਲਦੇ ਖੂਨ ਦੀ ਪ੍ਰਵਾਹ ਹੀ ਨਹੀਂ ਸੀ।
ਜਦ ਤੁਰਨ ਲੱਗਾ ਸਾਬਰੀ ਨੇ ਅਵਾਜ਼ ਮਾਰੀ "ਏਹ ਰੁਕ ਥੋੜ੍ਹਾ"

ਅਬ ਕਿਆ ਹੂਆ ਦੀਦੀ?

ਸਾਬਰੀ ਫਸਟਏਡ (fastaid) ਕਿੱਟ ਚੋਂ ਪੱਟੀ ਕੱਢ ਕੇ ਥੱਲੇ ਸੁੱਟਦੀ ਬੋਲੀ,, ਯੇਹ ਬਾਂਧ ਲੋ ਬਹੁਤ ਖੂਨ ਨਿਕਲ ਰਹਾ ਹੈ ।
ਉਹ ਪੱਟੀ ਚੁੱਕਦਾ ਸਾਈਕਲ ਨੂੰ ਘੜੀਸਦਾ ਚਲਾ ਗਿਆ ।

ਸਾਬਰੀ ਨੇ ਕਦੇ ਸੋਚਿਆ ਵੀ ਨਹੀਂ ਸੀ, ਕਿ ਉਹ ਬੇਫ਼ਿਕਰ ਜਿਹਾ ਮੁੰਡਾ ਏਨੇ ਵੱਡੇ ਗਮ ਦੇ ਬੋਝ ਚੁੱਕੀ ਫਿਰਦਾ ਹੋਊਗਾ ।

ਉਹਦੇ ਮੂੰਹੋ ਆਪ ਮੁਹਾਰੇ ਪੁਰਾਣੇ ਗੀਤ ਦੇ ਬੋਲ ਨਿਕਲੇ

ਇਸ ਦੁਨੀਆਂ ਮੇਂ ਕਿਤਨਾ ਗਮ ਹੈ,,

ਮੇਰਾ ਗਮ ਤੋ ਕਿਤਨਾ ਕਮ ਹੈ,,,.

ਹੁਣ ਸਾਬਰੀ ਰੋਜ਼ ਉਹਨੂੰ ਉਡੀਕ ਦੀ ਰਹਿੰਦੀ,, ਕਦੇ ਉਹ ਆਉਂਦਾ ਕਦੇ ਪਤਾ ਨਾ ਲੱਗਦਾ ਕਦ ਲੰਘ ਜਾਂਦਾ।

ਉਹਨੇ ਇੱਕ ਦਿਨ ਸਾਬਰੀ ਨੂੰ ਪੁੱਛਿਆ ਵੀ ਸੀ ਦੀਦੀ ਆਜ ਜਬ ਮੈਂ ਗੁਜ਼ਰਾ ਆਪ ਕੀ ਖਿੜਕੀ ਬੰਦ ਕਿਉਂ ਥੀ।

ਸਾਬਰੀ ਹੁਣ ਕੀ ਦੱਸਦੀ ਕੇ ਉਹ ਅੰਦਰ ਕਿਸੇ ਜਿਸਮ ਦੇ ਭੁੱਖੇ ਜਾਲਮ ਦੀ ਭੁੱਖ ਮਿਟਾ ਰਹੀ ਸੀ । ਸਾਬਰੀ ਚੁੱਪ ਹੋ ਜਾਂਦੀ,, ਪਰ ਹੈਦਰ ਕੋਈ ਦੁੱਧ ਚੁੰਘਦਾ ਬੱਚਾ ਤਾ ਨਹੀਂ ਸੀ, ਜੋ ਸਮਝ ਨਾ ਸਕਦਾ ਸਾਬਰੀ ਦੇ ਚੁੱਪ ਪਿੱਛੇ ਸ਼ਬਦਾਂ ਦਾ ਦਰਦ ।

ਇੱਕ ਦਿਨ ਉਹ ਸਾਬਰੀ ਨੂੰ ਬੋਲਿਆ,ਦੀਦੀ ਆਪ ਇਤਨੀ ਅੱਛੀ ਹੋ ਕਿਉਂ ਰਹਿਤੀ ਹੋ ਇਸ ਗੰਦਗੀ ਮੇਂ,,ਯੇਹ ਅੱਛੇ ਲੋਗ ਨਹੀਂ ਹੈਂ ।

ਹੁਣ ਕੀ ਦੱਸਦੀ ਕੇ ਉਹ ਆਪਣੇ ਆਪ ਨਹੀਂ ਆਈ ਏਥੇ,, ਉਹਨੂੰ ਤਾਂ ਧੋਖੇ ਨਾਲ ਲਿਆਦਾਂ ਗਿਆ ਸੀ। ਉਹ ਸਿਰਫ਼ ਏਨਾ ਬੋਲੀ ਕੇ "ਬੱਸ ਚਾਹ ਕਰ ਭੀ ਨਿਕਲ ਸਕਤੀ ਯਹਾਂ ਸੇ |

ਦੀਦੀ ਅਗਰ ਆਪ ਬੋਲੋ ਤੋਂ ਮੈਂ ਆਪ ਕੀ ਮੱਦਦ ਕਰ ਸਕਤਾ ਹੂੰ, ਹੈਦਰ ਬੋਲਿਆ ।

ਵੋਹ ਕੈਸੇ ਅਭੀ ਤੁਮ ਬੱਚੇ ਹੋ,, ਆਪ ਜਾਨਤੇ ਨਹੀਂ ਇਨ੍ਹ ਲੋਗੋਂ ਕੋ ਯੇਹ ਬਹੁਤ ਖਤਰਨਾਕ

ਲੋਗ ਹੈਂ ।

ਦੀਦੀ ਮੇਰੇ ਕੋ ਮਤ ਬਤਾਓ, ਮੈਂ ਇਸੀ ਮੀਰਗੰਜ ਮੇਂ ਪੈਦਾ ਹੂਆ ਹੂੰ, ਯਹਾਂ ਕੇ ਚੱਪੇ ਚੱਪੇ ਸੇ ਵਾਕਿਫ਼ ਹੂੰ,, ਸਭ ਪਤਾ ਹੈ ਕਿਆ ਕੈਸੇ ਕਰਨਾ ਹੈ |

ਚਲੋ ਬਤਾਓ ਕੈਸੇ ਕਰੋ ਗੇ,? ਸਾਬਰੀ ਨੇ ਫ਼ੇਰ ਸਵਾਲ ਕੀਤਾ,

ਦੇਖੋ ਦੀਦੀ ਤੀਨ ਦਿਨ ਬਾਅਦ ਛੱਠ ਪੂਜਾ ਹੈ,, ਸਭ ਲੋਕ ਗੰਗਾ ਪੇ ਹੋਂਗੇ,, ਰਾਤ ਕੋ ਬਾਜ਼ਾਰ ਖਾਲੀ ਹੋਗਾ,, ਕੋਈ ਆਏ ਜਾਏ ਗਾ ਨਹੀਂ,, ਮੈਂ ਕੱਲ੍ਹ ਆਤੇ ਵਕ਼ਤ ਘਰ ਸੇ ਏਕ ਰੱਸਾ ਲੇ ਕਰ ਆਊਗਾਂ
ਆਪ ਕੋ ਪਕੜਾ ਜਾਊਗਾ।

ਪਰਸੋਂ ਰਾਤ ਕੋ ਮੇਂ 9 ਬਜੇ ਨੀਚੇ ਆਪ ਕਾ ਇੰਤਜ਼ਾਰ ਕਰੂੰਗਾ। ਆਪ ਆਪਣੀ ਪਾਇਲ ਉਤਾਰ ਕਰ ਆਨਾ, ਹਮ ਗਲਿਓਂ ਸੇ ਹੋਤੇ ਹੁਏ,ਸਟੇਸ਼ਨ ਪਹੁੰਚ ਜਾਏਂਗੇ। ਜ਼ਿਆਦਾ ਦੂਰ ਨਹੀਂ ਹੈ, ਬੱਸ ਡੇਢ ਕਿਲੋਮੀਟਰ ਹੈ ਯਹਾਂ ਸੇ ਸਟੇਸ਼ਨ। ਬੱਸ ਆਪ ਤਿਆਰ ਰਹਿਣਾ, ਕੱਲ੍ਹ ਆਊਗਾ ਮੈਂ, ਇਹਨਾਂ ਕਹਿ ਕੇ ਹੈਦਰ ਚਲਾ ਗਿਆ।

ਅਗਲੇ ਦਿਨ ਸਾਬਰੀ ਉਡੀਕਦੀ ਰਹੀ। ਹੁਣ ਉਸ ਕੋਲ, ਕਿਸੇ ਗਾਹਕ ਨੇ ਵੀ ਨਹੀਂ ਸੀ ਆਉਣਾ ਕੁੱਝ ਦਿਨ,,,ਕਿਉਂ ਕਿ 2-3 ਦਿਨ ਤੋਂ ਉਸਦਾ ਮਹੀਨਾ ਸ਼ੁਰੂ (ਪੀਰੀਅਡ ਟਾਈਮ)ਹੋ ਚੁੱਕਿਆ ਸੀ।
ਪਰ ਸ਼ਾਮ ਹੋਣ ਨੂੰ ਆ ਗਈ ਸੀ, ਹੈਦਰ ਨਹੀਂ ਸੀ ਆਇਆ ਹਲੇ ਤੱਕ । ਸਾਬਰੀ ਨੂੰ ਇਥੋਂ ਖੁਦ ਨਿਕਲਣ ਨਾਲੋਂ ਜ਼ਿਆਦਾ ਫ਼ਿਕਰ ਹੈਦਰ ਦੀ ਹੋ ਰਹੀ ਸੀ,,ਕਿ ਰੱਬਾ ਉਹ ਮਾਸੂਮ ਠੀਕ ਹੋਵੇ। ਉਹ ਦੱਸ ਰਿਹਾ ਸੀ ਕਿ ਉਹਦੀ ਅੰਮੀ ਬਹੁਤ ਬਿਮਾਰ ਆ, ਕਿਤੇ ਉਹਦੀ ਅੰਮੀ.......! ਨਹੀਂ ਨਹੀਂ, ਇੰਝ ਨਹੀਂ ਹੋ ਸਕਦਾ। ਖੁਦਾ ਉਹਨਾਂ ਮਾਂ ਪੁੱਤ ਨੂੰ ਅੱਲਗ ਨਹੀਂ ਕਰ

ਸਕਦਾ,,ਇਨ੍ਹਾਂ ਜਾਲਮ ਨਹੀਂ ਆ ਭਗਵਾਨ।

ਉਹਨੇ ਇਸ ਵਾਰ ਖੁਦਾ ਤੇ ਭਗਵਾਨ ਸ਼ਬਦ ਇਕੱਠੇ ਵਰਤੇ ਸਨ। ਉਂਝ ਵੀ ਰੱਬ ਨੂੰ ਮੰਨਣ ਵਾਲੇ ਕਦੋਂ ਫ਼ਰਕ ਕਰਦੇ ਆ, ਖੁਦਾ ਤੇ ਭਗਵਾਨ ਵਿੱਚ।
ਫ਼ਰਕ ਤਾਂ ਰੱਬ ਨੂੰ ਮੰਨਣ ਦਾ ਦਿਖਾਵਾ ਕਰਨ ਵਾਲੇ ਲੋਕ ਕਰਦੇ ਆ।

ਸੂਰਜ ਦੀ ਟਿੱਕੀ ਪੱਛਮ ਚ ਅੱਧੀ ਡੁੱਬ ਚੁੱਕੀ ਸੀ। ਸਾਬਰੀ ਉਦਾਸ ਜਹੀ ਹੋਈ, ਜਦ ਖਿੜਕੀ ਬੰਦ ਕਰਨ ਲੱਗੀ ਤਾਂ ਸਾਹਮਣੇ ਤੋਂ ਹੈਦਰ ਭੱਜਾ ਆ ਰਿਹਾ ਸੀ,,ਸਾਬਰੀ ਦੇ ਜਿਵੇਂ ਮੁਰਦਾ ਦਿਲ ਨੇ ਧੜਕਣਾ ਸ਼ੁਰੂ ਕਰ ਦਿੱਤਾ ਹੋਵੇ।

ਹੈਦਰ ਦਾ ਸਾਹ ਚੜ੍ਹਿਆ ਹੋਇਆ ਹੋਣ ਕਰਕੇ, ਉਹ ਦੋਵੇਂ ਹੱਥ ਗੋਡਿਆਂ ਤੋਂ ਥੋੜ੍ਹਾ ਉੱਪਰ ਰੱਖ ਕੇ ਝੁੱਕ ਕੇ ਖੜ੍ਹਾ ਹੋ ਗਿਆ। ਫ਼ਿਰ ਸਿੱਧਾ ਖੜ੍ਹਾ ਹੁੰਦਾ ਬੋਲਿਆ, "ਸੌਰੀ ਦੀਦੀ, ਆਨੇ ਮੇਂ ਦੇਰੀ ਹੋ ਗਈ।"

ਕਹਾਂ ਥੇ ਪੂਰਾ ਦਿਨ, ਪਤਾ ਤੁਮੇਂ , ਮੁਝੇ ਕਿਤਨੀ ਫ਼ਿਕਰ ਹੋ ਰਹੀ ਥੀ ਤੁਮਾਰੀ?

ਦੀਦੀ, ਆਜ ਕਾਮ ਬਹੁਤ ਥਾ, ਸੁਬ੍ਹਾ ਸੂਰਜ ਉਗਣੇ ਸੇ ਪਹਿਲੇ ਹੀ ਨਿਕਲ ਗਯਾ ਥਾ ਕਾਮ ਪਰ, ਦੁਪਹਿਰ ਕੋ ਖਾਣਾ ਖਾਣੇ ਭੀ ਨਹੀਂ ਗਯਾ ਘਰ ਪੇ।
ਬੱਸ ਅਭੀ ਕਾਮ ਖ਼ਤਮ ਕਰ ਕੇ ਘਰ ਪਹੁੰਚਾ ,, ਖਾਣਾ ਬੀ ਨਹੀਂ ਖਾਇਆ,, ਔਰ ਅਬ ਘਰ ਸੇ ਸੀਧਾ ਆਪਕੇ ਪਾਸ ਹੀ ਆ ਰਹਾਂ ਹੂੰ।

ਯੇਹ ਪਕੜੋ ਦੀਦੀ, ਔਰ ਛੁਪਾ ਕੇ ਰੱਖਣਾ, ਉਹ ਉੱਪਰ ਰੱਸਾ ਸੁੱਟਦਾ ਬੋਲਿਆ।
ਏਕ ਬਾਤ ਔਰ ,ਆਪਣੀ ਪਾਇਲ ਔਰ ਗਹਿਣੇ ਉਤਾਰ ਕੇ ਆਨਾ ਇਹਨਾਂ ਕਹਿ ਕੇ ਉਹ ਚਲਾ ਗਿਆ।

ਅਗਲੇ ਦਿਨ ਛੱਠ ਪੂਜਾ ਸੀ। ਸ਼ਾਮ ਨੂੰ ਤਕਰੀਬਨ ਬਾਜ਼ਾਰ ਖਾਲੀ ਵਾਂਗੂ ਹੋ ਗਿਆ ਸੀ ਕਿਉਂਕਿ ਲੋਕ ਹੱਥ ਚ ਗੰਨੇ ਫੜ ਕੇ ਨਦੀ ਚ ਖੜ੍ਹੇ ਸਨ ਪੂਜਾ ਲਈ।

ਸਾਬਰੀ ਬੈੱਡ ਦੇ ਪਾਵੇ ਨਾਲ ਰੱਸਾ ਬੰਨ ਥੱਲੇ ਲਮਕਾ ਕੇ ਬਾਰੀ ਰਾਹੀਂ ਥੱਲੇ ਉੱਤਰੀ।
ਰਾਤ ਦੇ 9 ਵਜੇ ਦਾ ਵਕਤ ਸੀ। ਸੜਕ ਤੇ ਬਹੁਤੀ ਭੀੜ ਨਹੀਂ ਸੀ ਪਰ ਸਟੇਸ਼ਨ ਤੇ ਹੁਣੇ ਜਾਣਾ ਖ਼ਤਰੇ ਤੋਂ ਖਾਲੀ ਨਹੀਂ ਸੀ।

ਹੈਦਰ,ਸਾਬਰੀ ਨੂੰ ਲੈ ਕੇ ਕਾਰ ਗੈਰੇਜ਼ ਚਲਾ ਗਿਆ ਜਿੱਥੇ ਉਹ ਕੰਮ ਕਰਦਾ ਸੀ। ਅੱਧੀ ਰਾਤ ਹੋ ਚੁੱਕੀ ਸੀ,,ਬਾਹਰ ਬਹੁਤ ਸੰਘਣਾ ਹਨ੍ਹੇਰਾ ਹੋ ਚੁੱਕਿਆ ਸੀ। ਹੈਦਰ ਇੱਕ ਵਾਰ ਸਟੇਸ਼ਨ ਤੱਕ ਜਾ ਕੇ ਦੇਖ ਆਇਆ ਸੀ। ਹੁਣ ਕੋਈ ਖ਼ਤਰਾ ਨਹੀਂ ਸੀ, ਪਰ ਮੇਨ ਸੜਕ ਤੋਂ ਜਾਣ ਲਈ ਉਨ੍ਹਾਂ ਨੂੰ ਫ਼ੇਰ ਤੋਂ ਸੁਲਤਾਨਾ ਬੇਗ਼ਮ ਦੇ ਕੋਠੇ ਕੋਲ ਦੀ ਲੰਘਣਾ ਪੈਣਾ ਸੀ। ਇਸ ਲਈ ਉਹਨਾਂ ਨੇ ਗਲੀਆਂ ਵਿੱਚ ਦੀ ਜਾਣ ਦਾ ਪ੍ਰੋਗਰਾਮ ਬਣਾਇਆ ਸੀ। ਬੇਸ਼ੱਕ ਗਲੀਆਂ ਹਨ੍ਹੇਰੇ ਚ ਡੁੱਬੀਆਂ ਸਨ। ਪਰ ਮੇਨ ਸੜਕ ਦੇ ਮੁਕਾਬਲੇ ਜ਼ਿਆਦਾ ਸੁਰੱਖਿਅਤ ਸਨ।

ਹੈਦਰ ਅੱਗੇ ਅੱਗੇ ਤੁਰ ਰਿਹਾ ਸੀ, ਸਾਬਰੀ ਉਸਦੇ ਪਿੱਛੇ ਪਿੱਛੇ। ਇਥੋਂ ਸਾਬਰੀ ਨੇ,, ਜੋ ਵੀ ਪਹਿਲੀ ਰੇਲ ਮਿਲਣੀ ਸੀ, ਉਹ ਚੜ੍ਹ ਜਾਣਾ ਸੀ। ਹੈਦਰ ਦੀ ਖਾਸ ਹਦਾਇਤ ਸੀ ਕਿ ਸਾਬਰੀ ਜਾ ਕੇ ਕਿਸੇ ਨਾਮਵਰ ਮਤਲਬ ਮਸ਼ਹੂਰ ਸਟੇਸ਼ਨ ਤੇ ਨਾ ਉਤਰੇ ਕਿਉਂਕਿ ਕੋਠੇ ਵਾਲਿਆਂ ਦੇ ਬੰਦੇ ਵੱਡੇ ਸਟੇਸ਼ਨਾਂ ਤੇ ਪਹਿਲਾਂ ਹੀ ਪਹਿਰੇ ਲਗਵਾ ਦਿੰਦੇ ਆ। ਕਿਸੇ ਲੋਕਲ ਸਟੇਸ਼ਨ ਤੇ ਉੱਤਰ ਕੇ ਰਾਤ ਉੱਥੇ ਕੱਟੇ। ਉਥੋਂ ਲੋਕਲ ਬੱਸਾਂ ਰਾਹੀਂ ਘਰ ਪਹੁੰਚੇ। ਕਿਸੇ ਵੀ ਸ਼ਹਿਰ ਚ ਬੱਸ, ਬੱਸ ਅੱਡੇ ਚ ਵੜਨ ਤੋਂ ਪਹਿਲਾਂ ਹੀ ਉੱਤਰ ਜਾਵੇ ਤੇ ਦੂਜੀ ਬੱਸ,ਅੱਡੇ ਦੇ ਬਾਹਰੋਂ ਹੀ ਬਦਲੇ।
ਕੁੱਝ ਪੈਸੇ ਵੀ ਹੈਦਰ ਨੇ ਸਾਬਰੀ ਨੂੰ ਦੇ ਦਿੱਤੇ।

ਪਰ ਹੋਣੀ ਕਿੱਥੇ ਟਲਦੀ ਆ। ਅੱਗੇ ਕੁੱਝ ਕੁ ਬੰਦੇ ਖੜ੍ਹੇ ਸ਼ਰਾਬ ਪੀ ਰਹੇ ਸਨ। ਇਹ ਉਹੀ ਹਨ੍ਹੇਰੀ ਰਾਤ ਸੀ ਜਿਸਨੇ ਸਾਬਰੀ ਦੀ ਜ਼ਿੰਦਗੀ ਤਬਾਹ ਕਰਨੀ ਸੀ।
ਹੈਦਰ ਚੁੱਪ ਚਾਪ ਉਹਨਾਂ ਕੋਲੋਂ ਲੰਘ ਗਿਆ ।ਉਹਨਾਂ ਦਾ ਕੋਈ ਧਿਆਨ ਨਹੀਂ ਸੀ, ਉਹ ਆਪਣੇ ਹੀ ਧਿਆਨੇ ਲੱਗੇ ਹੋਏ ਸਨ।
ਪਰ ਜਦ ਸਾਬਰੀ ਲੰਘਣ ਲੱਗੀ ਉਹਨਾਂ ਘੇਰ ਲਿਆ। ਪਰ ਅੱਖ ਝੱਪਕਣ ਜਿੰਨੀ ਫੁਰਤੀ ਨਾਲ ਹੈਦਰ ਨੇ ਸਾਬਰੀ ਦਾ ਗੁੱਟ ਫੜਿਆ ਤੇ ਉਥੋਂ ਭੱਜ ਪਿਆ।

ਉਹ ਵੀ ਮਗਰ ਭੱਜ ਪਏ। ਹਲੇ ਪਰਸੋਂ ਹੀ ਪੀਰੀਅਡ ਆ ਕੇ ਹਟੇ ਹੋਣ ਕਰਕੇ ਸਾਬਰੀ ਤੋਂ ਭੱਜਿਆ ਵੀ ਨਹੀਂ ਸੀ ਜਾ ਰਿਹਾ। ਥੋੜੀ ਹੀ ਦੂਰੀ ਤੇ ਉਹਨਾਂ ਨੇ ਸਾਬਰੀ ਤੇ ਹੈਦਰ ਨੂੰ ਘੇਰ ਲਿਆ।

"ਭਾਗ ਸਾਲੇ ਭਾਗ, ਕਹਾਂ ਤੱਕ ਭਾਗੇ ਗਾ?", ਉਹਨਾਂ ਪੰਜਾਂ ਚੋਂ ਇੱਕ ਨੇ ਹੈਦਰ ਦੇ ਮੂੰਹ ਤੇ ਥੱਪੜ ਮਾਰ ਦਿਆਂ ਕਿਹਾ।
ਉਹਨਾਂ ਪੰਜਾਂ ਕੋਲੋਂ ਸਾਬਰੀ ਨੂੰ ਬਚਾਉਣ ਲਈ ਹੈਦਰ ਨੇ ਉਹਨਾਂ ਨਾਲ ਹੱਥੋਪਾਈ ਸ਼ੁਰੂ ਕਰ ਦਿੱਤੀ। ਸਾਬਰੀ ਆਸੇ ਪਾਸੇ ਕਿਸੇ ਮੱਦਦ ਨੂੰ ਵੇਖਣ ਲੱਗੀ।ਪਰ ਸੁੰਨੀ ਤੇ ਹਨ੍ਹੇਰੇ ਚ ਡੁੱਬੀ ਗਲੀ ਚ ਤਾਂ ਕਿਸੇ ਨੇ ਅਵਾਜ਼ ਵੀ ਨਹੀਂ ਸੁਣਨੀ ਸੀ।

ਇੱਕ ਜ਼ੋਰਦਾਰ ਖੜਕਾ ਹੋਇਆ, ਕੱਚ ਦੀ ਬੋਤਲ ਟੁੱਟਣ ਦਾ, ਅਗਲੇ ਹੀ ਪਲ ਹੈਦਰ ਥੱਲੇ ਡਿੱਗ ਪਿਆ। ਉਹਦੇ ਪੇਟ ਚ ਕੱਚ ਦੀ ਬੋਤਲ ਖੁੱਭੀ ਹੋਈ ਸੀ। ਇੱਕ ਖ਼ੂਨ ਦੀ ਧਾਰ ਵੱਗ ਰਹੀ। ਬੇਸ਼ੱਕ ਹਨ੍ਹੇਰਾ ਸੰਘਣਾ ਸੀ ਪਰ ਫ਼ੇਰ ਵੀ ਖ਼ੂਨ ਨਿਕਲਦੇ ਦਾ ਪਤਾ ਲੱਗ ਰਿਹਾ ਸੀ।

ਹੈਦਰ ਫ਼ੇਰ ਰੋਂਦਿਆ ਹੋਇਆ ਬੋਲਿਆ ਆਪ ਕੋ ਮੇਰੀ ਕਸਮ ਦੀਦੀ ਭਾਗ ਜਾਓ... ਪਲੀਜ਼ ਖੁਦਾ ਕਾ ਵਾਸਤਾ..
ਖੁਦਾ ਹਾਫਿਜ਼ ਦੀਦੀ,ਹਮਾਰਾ ਸਾਥ ਅੱਲ੍ਹਾ ਪਾਕ ਨੇ ਯਹਾਂ ਤੱਕ ਹੀ ਲਿਖਾ ਥਾ....।

ਸਾਬਰੀ ਹੈਦਰ ਦੇ ਦੱਸੇ ਰਸਤੇ ਵੱਲ ਭੱਜ ਪਈ।.....

ਪਰ ਹੋਣੀ ਕਿੱਥੇ ਭੱਜਣ ਦਿੰਦੀ ਆ,, ਲਿਖਿਆ ਹੋਇਆ ਲਕੀਰਾਂ ਦਾ ਕਿੱਥੇ ਟਲਦਾ,, ਕਿੱਥੇ ਬਦਲਦੇ ਦਾ ਵਿਹੋ ਮਾਤਾ ਦੇ ਪੁੱਠੇ ਹੱਥ ਨਾਲ ਸਾਡੇ ਮੱਥੇ ਤੇ ਲਿਖੇ ਅੱਖਰ |

ਸਾਬਰੀ ਹਲੇ ਹੈਦਰ ਦੇ ਸਮਝਾਏ ਰਸਤੇ ਵਾਲਾ ਮੋੜ ਹੀ ਮੁੜੀ ਸੀ ਕੇ, ਗਲੀ ਚ ਖੜੀ ਕਿਸੇ ਖਾਲੀ ਰੇਹੜੀ ਨਾਲ ਟਕਰਾ ਕੇ ਡਿੱਗ ਪਈ,, ਹਨ੍ਹੇਰਾ ਬਹੁਤ ਜ਼ਿਆਦਾ ਹੋਣ ਕਰਕੇ ਉਹਨੂੰ ਵਿਚਾਰੀ ਨੂੰ ਰੇਹੜੀ ਦਿਸੀ ਨਹੀਂ ਸੀ |

ਸਾਬਰੀ ਦੇ ਡਿੱਗਣ ਦੀ ਦੇਰ ਸੀ,, ਜਦ ਸਾਬਰੀ ਨੇ ਉੱਪਰ ਵੱਲ ਦੇਖਿਆ ਤੇ ਪੰਜ ਬਰਸ਼ਿਆਂ ਵਰਗੇ 6-6 ਫੁੱਟੇ ਪਰਛਾਂਵੇ ਉਹਦੇ ਸਿਰ ਤੇ ਖੜ੍ਹੇ ਸੀ |

ਸਾਬਰੀ ਡਰ ਨਾਲ ਕੰਬਣ ਲੱਗੀ,,ਕਿਉਂਕਿ ਉਹਨਾਂ ਦਾ ਅਗਲਾ ਇਰਾਦਾ ਸਾਬਰੀ ਸਮਝ ਚੁੱਕੀ ਸੀ, ਪਿਛਲੇ ਚਾਰ ਸਾਲ ਤੋਂ ਓਹਦਾ ਇਹੋ ਜਹੇ ਲੋਕਾਂ ਨਾਲ ਹੀ ਵਾਹ ਪੈਂਦਾ ਆ ਰਿਹਾ ਸੀ ਨਾਲੇ ਹੁਣ ਉਹ ਕੁੱਤੇ ਦੇ ਕਤੂਰੇ ਤੋਂ ਵੀ ਡਰਨ ਵਾਲੀ ਭੋਲੀ ਭਾਲੀ ਸਾਬਰੀ ਨਹੀਂ ਸੀ ਰਹੀ, ਹੁਣ ਤਾਂ ਸੁਲਤਾਨਾ ਬੇਗ਼ਮ ਨੇ ਉਹਨੂੰ ਸਾਬਰੀ ਬੇਗ਼ਮ ਦਾ ਖਿਤਾਬ ਦੇ ਦਿੱਤਾ ਸੀ |

ਪਤਾ ਨੀਂ ਲੱਗਿਆ ਕਦ ਉਹਦੇ ਤਨ ਨਾਲੋਂ ਕੱਪੜੇ ਪਾੜ ਕੇ ਉਤਾਰ ਦਿੱਤੇ ਗਏ, ਕਦ ਉਹ ਪੰਜਿਆਂ ਚ ਜਕੜੀ ਗਈ,,

ਉਹਦੀ ਚੀਖ ਕਿਸਨੇ ਸੁਣਨੀ ਸੀ.. ਜਿਵੇਂ ਉਸਤਾਦ ਦਾਮਨ ਨੇ ਲਿਖਿਆ.....

ਜਿਥੇ ਖਾਕ ਉੱਡਦੀ ਹੋਵੇ ਦਿਨੇ ਰਾਤੀਂ,
ਭਲਾ ਓਸ ਦਰਵਾਜ਼ੇ 'ਤੇ ਕੌਣ ਆਉਂਦਾ ।
ਲੱਗੇ ਕਦੇ ਕਦਾਈਂ 'ਤੇ ਕੋਈ ਆਣ ਪੁੱਛੇ,
ਜ਼ਖ਼ਮ ਤਾਜ਼ੇ ਤੋਂ ਤਾਜ਼ੇ 'ਤੇ ਕੌਣ ਆਉਂਦਾ ।
ਚੀਕਾਂ ਜਿਨ੍ਹਾਂ ਦੀਆਂ ਕੋਈ ਨਹੀਂ ਸੁਣਦਾ,
ਜੇ ਉਹ ਦੇਣ ਆਵਾਜ਼ੇ 'ਤੇ ਕੌਣ ਆਉਂਦਾ ।
ਜੀਊਂਦੀ ਜਾਨ ਨਾ ਜਿਨ੍ਹਾਂ ਨੂੰ ਕੋਈ ਮਿਲਦਾ,
ਮੋਇਆਂ ਬਾਅਦ ਜਨਾਜ਼ੇ 'ਤੇ ਕੌਣ ਆਉਂਦਾ ।

ਸਾਰੀ ਰਾਤ ਇੱਕ ਗਲੀ ਚ ਸਾਬਰੀ ਦੇ ਜਿਸਮ ਨੂੰ ਨੋਚਿਆ ਜਾਂਦਾ ਰਿਹਾ ਤੇ ਦੂਜੀ ਹਨ੍ਹੇਰੀ ਗਲੀ ਚ ਖੂਨ ਨਾਲ ਲੱਥਪਥ ਹੈਦਰ ਪਿਆ ਰਿਹਾ |

ਦਿਨ ਦਾ ਚੜ੍ਹਾਅ ਹੋਣ ਤੋਂ ਪਹਿਲਾਂ ਪਹਿਲਾਂ ਉਹ ਪੰਜੇ ਉੱਥੋਂ ਖਿਸਕ ਗਏ,, ਇਹੀ ਉਹ ਹਨ੍ਹੇਰੀ ਤੇ ਕੁਲਹਿਣੀ ਰਾਤ ਸੀ ਜਦ ਰਾਹੁਲ ਸਾਬਰੀ ਦੀ ਕੁੱਖ ਚ ਆਣ ਪਿਆ ਸੀ, ਇਹ ਵੀ ਨਹੀਂ ਸੀ ਪਤਾ ਕੇ ਉਹਦਾ ਪਿਓ ਕੌਣ ਸੀ |
ਸਾਬਰੀ ਬੇਹੋਸ਼ ਹੋਈ ਗਲੀ ਦੀ ਇੱਕ ਨੁਕਰੇ ਨਾਲੀ ਦੇ ਕਿਨਾਰੇ ਨਗਣ ਅਵਸਥਾ ਚ ਪਈ ਸੀ ਤੇ ਦੂਜੀ ਗਲੀ ਚ ਹੈਦਰ |

ਸਵੇਰੇ ਜਦ ਸਾਬਰੀ ਦੀ ਅੱਖ ਖੁੱਲੀ ਉਸਨੇ ਦੇਖਿਆ ਕੇ ਕਾਫ਼ੀ ਭੀੜ ਉਸਦੇ ਦੁਆਲੇ ਜਮ੍ਹਾਂ ਹੋ ਚੁੱਕੀ ਸੀ,, ਪੁਲਿਸ ਪਹੁੰਚੀ ਹੋਈ ਸੀ | ਸਾਬਰੀ ਦੇ ਨਗਨ ਜਿਸਮ ਢਕਣ ਲਈ ਕਿਸੇ ਨੇਕ ਦਿਲ ਇਨਸਾਨ ਉਹਦੇ ਉੱਪਰ ਸੇਬਿਆਂ ਵਾਲੀ ਖ਼ਾਕੀ ਜਹੀ ਬੋਰੀ ਪਾ ਦਿੱਤੀ ਸੀ |

ਸਿਵੇਆਂ ਦੀ ਅੱਗ ਤੇ ਛੱਲੀਆਂ ਭੁੰਨਣ ਵਾਲਾ ਮੀਡੀਆ ਮਾਇਕ ਚੱਕੀ ਆਪਣੀ ਟੀ. ਆਰ. ਪੀ. ਵਧਾਉਣ ਚ ਲੱਗਿਆ ਹੋਇਆ ਸੀ, ਉਹਨੂੰ ਸਾਬਰੀ ਦੇ ਦਰਦ ਨਾਲ ਕੋਈ ਲੈਣਾ ਦੇਣਾ ਨਹੀਂ ਸੀ।
ਉਹ ਆਪਣਾ ਹੀ ਰਾਗ ਅਲਾਪ ਰਿਹਾ ਸੀ ,,ਸਾਰੇ ਚੈਨਲ ਆਪਣੀ ਆਪਣੀ ਭਾਸ਼ਾ ਚ' ਲੱਗੇ ਹੋਏ ਸਨ.|

ਕਾਂਚ ਕੀ ਬੋਤਲ ਲਗਣੇ ਸੇ ਹੂਈ ਮੌਤ..
ਕੀ ਇਹ ਝਗੜਾ ਦੋਸਤਾਂ ਚ ਕੁੜੀ ਨੂੰ ਲੈ ਕੇ ਹੋਇਆ ਹੋਵੇਗਾ?
ਕਿਉਂਕਿ ਨਾਲ ਵਾਲੀ ਗਲੀ ਚੋਂ ਇੱਕ ਕੁੜੀ ਮਿਲੀ ਆ ਨਗਨ ਅਵਸਥਾ ਵਿੱਚ |

What do you think? Please write your answers in our review.
(ਤੁਹਾਨੂੰ ਕੀ ਲੱਗ ਰਿਹਾ ? ਪਲੀਜ਼ ਆਪਣੇ ਜਵਾਬ ਜ਼ਰੂਰ ਲਿਖਿਓ ਸਾਡੇ ਰਿਵਿਊ ਚ )

ਮੇਰੇ ਵਰਗੇ ਲਾਈ ਲੱਗ ਧੜ੍ਹਾਧੜ ਮੈਸਜ ਕਰ ਰਹੇ ਸਨ, ਜੋ ਨੰਬਰ ਟੀਵੀ ਸਕਰੀਨ ਤੇ ਆ ਰਹੇ ਸਨ |

ਪੱਕਾ ਇਸ ਕਤਲ ਮੇਂ ਉਸ ਲੜਕੀ ਕਾ ਹਾਥ ਹੋਗਾ ,, ਉਸ ਸੇ ਸਖ਼ਤੀ ਸੇ ਪੂਛ ਤਾਸ਼ ਕੀ ਜਾਏ..!

ਇਹ ਕੁੜੀ ਹੀ ਦੋਵਾਂ ਦੋਸਤਾਂ ਦੇ ਝਗੜੇ ਦੀ ਵਜ੍ਹਾ ਹੋਊਗੀ, ਜਿਸ ਕਰਕੇ ਇੱਕ ਦੋਸਤ ਨੇ ਦੂਜੇ ਦੋਸਤ ਦਾ ਕਤਲ ਕਰ ਦਿੱਤਾ...

ਪੱਕਾ ਦੋਵਾਂ ਦਿਲਾਂ ਨਾਲ ਖੇਡ ਕੇ ਇੱਕ ਤੋਂ ਦੂਜਾ ਮਰਵਾ ਦਿੱਤਾ ਹੋਣਾ, ਇਸ ਕੁੜੀ ਨੇ,,
ਮੈਸਜ ਕਰਨ ਵਾਲੇ ਆਪਣੇ ਹਿਸਾਬ ਨਾਲ ਆਪਣੀ ਮਾਨਸਿਕ ਸੋਚ ਦਾ ਪ੍ਰਗਟਾਵਾ ਕਰ ਰਹੇ ਸਨ ।

ਮੀਡੀਆ ਮਾਇਕ ਸਾਬਰੀ ਦੇ ਮੂੰਹ ਮੂਹਰੇ ਕਰੀ ਲਾਈਵ ਉਹਦੀ ਇੱਜਤ ਉਤਾਰ ਰਿਹਾ ਸੀ,,

ਮੀਡੀਆ --ਆਪ ਕਾ ਨਾਮ? ਕਹਾਂ ਕੇ ਰਹਿਣੇ ਵਾਲੀ ਹੋ?

ਸਾਬਰੀ --ਸਾਬਰੀ.. ਦਾਰਜਲਿੰਗ...!

ਤੋ ਦੋਸਤੋ ਪਤਾ ਚਲਾ ਹੈ ਕੇ ਲੜਕੀ ਕਾ ਨਾਮ ਸਾਬਰੀ ਹੈ ਔਰ ਵੋਹ ਦਾਰਜ਼ਲਿੰਗ ਸੇ ਹੈ |

ਮੀਡੀਆ --ਕਿਆ ਆਪ ਬਤਾ ਸਕਤੀ ਹੋ ਕੇ ਆਪ ਕੇ ਸਾਥ ਰੇਪ ਹੂਆ ਹੈ,,?

ਸਾਬਰੀ --ਜੀ ਹਾਂ,
ਮੀਡੀਆ --ਕਿਤਨੇ ਲੋਗ ਥੇ?
ਕੈਸੇ ਕੀਆ ਰੇਪ?
ਕਿਆ ਰੇਪ ਕਰਨੇ ਵਾਲੇ ਨਸ਼ੇ ਕੀ ਹਾਲਤ ਮੇਂ ਥੇ?

ਜਿਸ ਲੜਕੇ ਕੀ ਲਾਸ਼ ਮਿਲੀ ਹੈ ਕਿਆ ਵੋਹ ਭੀ ਰੇਪ
ਕਰਨੇ ਵਾਲੇ ਲੋਗੋਂ ਮੇਂ ਸ਼ਾਮਿਲ ਥਾ?
ਤਰ੍ਹਾਂ ਤਰ੍ਹਾਂ ਦੇ ਸਵਾਲ ਮੀਡੀਆ ਸਾਬਰੀ ਤੋ ਪੁੱਛ ਰਿਹਾ ਸੀ, ਅਸਲ ਚ ਸਾਬਰੀ ਦਾ ਬਲਾਤਕਾਰ ਰਾਤ ਨੀਂ ਹੁਣ ਹੋ ਰਿਹਾ ਸੀ ਮੀਡੀਆ ਵੱਲੋਂ ਸ਼ਰੇਆਮ ਜੋ ਟੀਵੀ ਤੇ ਲਾਈਵ ਦਿਖਾਇਆ ਜਾ ਰਿਹਾ ਸੀ |

ਵੀਰ ਬਹਾਦਰ ਤੇ ਭਾਵਾਰੂਪਾ ਟੀ ਵੀ ਅੱਗੇ ਸਿਰ ਝੁਕਾਈ ਬੈਠੇ ਸਨ, ਜਿੰਨ੍ਹਾਂ ਦੀ ਧੀ ਦੀ ਇੱਜਤ ਟੀਵੀ ਤੇ ਸ਼ਰੇਆਮ ਉਛਾਲੀ ਜਾ ਰਹੀ ਸੀ |
ਥੋੜੀ ਦੇਰ ਤੱਕ ਸਾਬਰੀ ਨੂੰ ਐਬੂਲੈਂਸ ਚ ਪਾ ਕੇ ਹਸਪਤਾਲ ਚੈੱਕਅੱਪ ਲਈ ਭੇਜ ਦਿੱਤਾ ਗਿਆ ਤੇ ਹੈਦਰ ਦੀ ਲਾਸ਼ ਨੂੰ ਪਾਸਪੋਰਟਮ ਲਈ ਤੇ ਪੁਲਿਸ ਅਣਪਛਾਤੇ ਲੋਕਾਂ ਦੀ ਭਾਲ ਵਿੱਚ ਲੱਗ ਗਈ |

ਟੀਵੀ ਚ ਲਾਈਵ ਚ ਸਾਬਰੀ ਤਸਵੀਰਾਂ ਦੇਖਣ ਤੋਂ ਬਾਅਦ
ਭਾਵਾਰੂਪਾ ਦੀਆਂ ਅੱਖਾਂ ਚੋਂ ਤਰਪੱਕ ਤਰਪੱਕ ਹੰਝੂ ਡਿੱਗ ਰਹੇ,, ਐਸੀ ਹਾਲਤ ਦੇਖ ਤਾਂ ਪੱਥਰ ਵੀ ਰੋ ਪੈਣ ਸਾਬਰੀ ਤਾਂ ਫ਼ੇਰ ਉਹਦੀ ਆਂਦਰ ਦਾ ਟੁਕੜਾ ਸੀ,, ਉਹਦੀ ਕੁੱਖੋਂ ਜੰਮੀ ਧੀ |

ਸਾੜੀ ਦੇ ਪੱਲੇ ਨਾਲ ਅੱਖਾਂ ਪੂੰਝਦੀ ਭਾਵਾਰੂਪਾ,, ਵੀਰ ਬਹਾਦਰ ਨੂੰ ਬੋਲੀ,.. ਸਾਬਰੀ ਦੇ

ਪਾਪਾ ਤੁਸੀਂ ਜਲਦੀ ਨਾਲ ਜਾ ਕੇ ਸਾਬਰੀ ਨੂੰ ਲੈ ਆਵੋ | ਤੁਸੀਂ ਦੇਖਿਆ ਨੀਂ ਕੀ ਹਾਲ ਕੀਤਾ ਹੋਇਆ ਸੀ ਜਾਲਮਾਂ ਨੇ ਮੇਰੀ ਧੀ ਦਾ,, ਪਲੀਜ਼ ਲੈ ਆਓ ਉਹਨੂੰ |

ਤੇਰਾ ਦਿਮਾਗ ਖਰਾਬ ਹੋ ਗਿਆ ਸਾਬਰੀ ਦੀ ਮਾਂ? ਤੈਨੂੰ ਸਰੀਕੇ ਕਬੀਲੇ ਦੀ ਕੋਈ ਲਾਜ ਸ਼ਰਮ ਹੈ ਕੇ ਨਹੀਂ ਭੋਰਾ,, ਜੇ ਉਹਨੇ ਨਹੀਂ ਸੋਚਿਆ ਸਾਡੇ ਬਾਰੇ,, ਅਸੀਂ ਤਾਂ ਲੋਕਾਂ ਚ ਰਹਿਣਾ |
ਲੋਕ ਕੀ ਕਹਿਣਗੇ,, ਉਹ ਜਾਂਦੀ ਵੀਰ ਬਹਾਦਰ ਧੀ ਹੀਰ..
ਸਾਰੇ ਕਿਤੇ ਟੀਵੀ ਅਖਬਾਰਾਂ ਚ ਫੋਟੋ ਛਪੀ ਆ ਉਸਦੀ।
ਕੌਣ ਕਰਾਊਗਾ ਉਸ ਨਾਲ ਵਿਆਹ?
ਵੀਰ ਬਹਾਦਰ ਗੁੱਸੇ ਚ ਬੋਲ ਰਿਹਾ ਸੀ।

ਇਹ ਤੁਸੀਂ ਕੀ ਕਹਿ ਰਹੇ ਹੋ? ਉਹ ਸਾਡੀ ਧੀ ਆ, ਮੈਂ ਜਨਮ ਦਿੱਤਾ ਉਹਨੂੰ ਨੌਂ ਮਹੀਨੇ ਢਿੱਡ ਚ ਰੱਖਿਆ ਕਿਵੇਂ ਜਰ ਲਵਾਂ ਸਭ ਕੁੱਝ ਭਾਵਾਰੂਪਾ ਰੋਣ ਲੱਗ ਪਈ |

ਤੂੰ ਵੀ ਕੰਨ ਖੋਲਕੇ ਸੁਣ ਲਾ ਸਾਬਰੀ ਦੀ ਮਾਂ,, ਹੁਣ ਸਾਡਾ ਉਸ ਹੀਰ ਨਾਲ ਕੋਈ ਰਿਸ਼ਤਾ ਨਹੀਂ ਆ,, ਤੇ ਅੱਜ ਤੋਂ ਬਾਅਦ ਉਹਦਾ ਜ਼ਿਕਰ ਵੀ ਨਹੀਂ ਹੋਣਾ ਚਾਹੀਦਾ ਘਰ ਵਿੱਚ... ਏਨਾ ਆਖ ਕੇ ਵੀਰ ਬਹਾਦਰ ਘਰੋਂ ਬਾਹਰ ਨਿਕਲ ਗਿਆ ।
ਪਰ ਮਾਵਾਂ ਦੇ ਦਿਲ ਤਾਂ ਮਾਵਾਂ ਦੇ ਹੀ ਹੁੰਦੇ ਆ,,
ਭਾਵਾਰੂਪਾ ਘਰੋਂ ਨਿਕਲੀ ਸਿੱਧੀ ਅਰਮਾਨ ਕੋਲ ਪਹੁੰਚੀ,
ਅਰਮਾਨ ਦੇ ਘਰ ਦੇ ਵੀ ਟੀਵੀ ਤੇ ਸਾਰੀ ਖ਼ਬਰ ਵੇਖ ਚੁੱਕੇ ਸਨ।

ਭਾਵਾਰੂਪਾ ਹੱਥ ਜੋੜਦੀ ਬੋਲੀ,ਪਲੀਜ਼ ਅਰਮਾਨ ਮੇਰੀ ਧੀ ਨੂੰ ਲੈ ਆ ਜਾ ਕੇ,, ਤੇਰੇ ਨਾਲ ਤਾਂ ਓਹਦਾ ਬਚਪਨ ਦਾ ਮੋਹ ਸੀ ।
ਅਰਮਾਨ ਸਾਬਰੀ ਲਈ ਤਾਂ ਪਹਿਲਾ ਬੇਤਾਬ ਸੀ |

ਉਹ ਬਿਨ੍ਹਾਂ ਦੇਰੀ ਕੀਤਾ, ਆਪਣੇ ਮਾਂ ਪਿਓ ਨੂੰ ਕੋਈ ਕੰਮ ਦਾ ਬਹਾਨਾ ਮਾਰ ਕੇ ਇਲਾਹਾਬਦ ਰਵਾਨਾ ਹੋ ਗਿਆ।

ਜਦ ਉਹ ਮੀਰਗੰਜ ਪੁਲਿਸ ਚੌਂਕੀ ਪਹੁੰਚਿਆ ਤਾਂ ਹੈਰਾਨ ਰਹਿ ਗਿਆ, ਸਾਬਰੀ ਸਾਲਾਖਾਂ ਪਿੱਛੇ ਹਵਾਲਤ ਚ ਬੈਠੀ ਸੀ।

ਕਿਉਂਕਿ ਸਾਬਰੀ ਨੂੰ ਹੈਦਰ ਕਤਲ ਕੇਸ ਚ ਸ਼ੱਕ ਦੇ ਅਧਾਰ ਤੇ ਪੁਲਿਸ ਕਸਟਡੀ ਚ ਰੱਖਿਆ ਗਿਆ ਸੀ, ਪਰ ਅਰਮਾਨ ਨੂੰ ਵੇਖ ਸਾਬਰੀ ਨੂੰ ਖੁਸ਼ੀ ਨਹੀਂ ਸੀ ਹੋਈ,, ਕਿਉਂਕਿ ਉਹਦੇ ਕੋਲ ਅਰਮਾਨ ਨੂੰ ਦੇਣ ਲਈ ਕੁੱਝ ਵੀ ਨਹੀਂ ਸੀ ਬਚਿਆ |

ਫ਼ੇਰ ਵੀ ਉਹਨੇ ਸਭ ਦੀ ਖੈਰ ਸੁੱਖ ਪੁੱਛ ਲਈ ਤੇ ਅਰਮਾਨ ਨੂੰ ਤਾਂ ਸਾਰੀ ਕਹਾਣੀ ਦਾ ਪਤਾ ਨਿਊਜ਼ ਤੋਂ ਹੀ ਲੱਗ ਗਿਆ ਸੀ |
ਪੁਲਿਸ ਅਸਲੀ ਦੋਸ਼ੀਆਂ ਨੂੰ ਤੇ ਸੁਰਾਗ ਲੱਭਣ ਲੱਗੀ ਹੋਈ ਸੀ।

ਫ਼ੇਰ ਵੀ ਉਹਨੇ ਸਭ ਦੀ ਖੈਰ ਸੁੱਖ ਪੁੱਛ ਲਈ ਤੇ ਅਰਮਾਨ ਨੂੰ ਤਾਂ ਸਾਰੀ ਕਹਾਣੀ ਦਾ ਪਤਾ ਨਿਊਜ਼ ਤੋਂ ਹੀ ਲੱਗ ਗਿਆ ਸੀ |
ਪੁਲਿਸ ਅਸਲੀ ਦੋਸ਼ੀਆਂ ਨੂੰ ਤੇ ਸੁਰਾਗ ਲੱਭਣ ਲੱਗੀ ਹੋਈ ਸੀ।

ਅਰਮਾਨ ਨੇ ਵਕੀਲਾਂ ਤੱਕ ਪਹੁੰਚ ਕੀਤੀ,, ਹੌਲੀ- ਹੌਲੀ ਕੇਸ ਦੀ ਗੁੱਥੀ ਸੁਲਝ ਦੀ ਗਈ ਤੇ ਪੰਜੇ ਅਸਲੀ ਦੋਸ਼ੀ ਗ੍ਰਿਫਤਾਰ ਕਰ ਲਏ ਗਏ,, ਤੇ ਅਗਲੀ ਪੇਸ਼ੀ ਤੇ ਜੱਜ ਨੇ ਸਾਬਰੀ ਨੂੰ ਬਾ -ਇੱਜ਼ਤ ਬਰੀ ਕਰ ਦਿੱਤਾ,, ਕੱਲ੍ਹਾ ਬਰੀ ਹੀ ਕੀਤਾ ਸੀ, ਇੱਜ਼ਤ ਤਾਂ ਉਹਦੀ ਪਹਿਲਾਂ ਹੀ ਲੁੱਟੀ ਜਾ ਚੁੱਕੀ ਸੀ।

ਇਸ ਸਾਰੀ ਭੱਜ ਨੱਸ ਚ 6 ਮਹੀਨੇ ਗੁਜ਼ਰ ਗਏ ਸਨ,,6 ਮਹੀਨੇ ਬਾਅਦ ਪੁਲਿਸ ਕਸਟਡੀ

ਚੋਂ ਬਾਹਰ ਨਿਕਲੀ ਸੀ | ਹੁਣ ਵੀ ਅਰਮਾਨ ਨੂੰ ਡਰ ਸਤਾ ਰਿਹਾ ਸੀ ਕੇ ਕਿਤੇ ਕੋਠੇ ਵਾਲੇ ਬਦਮਾਸ਼ ਪਿੱਛਾ ਨਾ ਕਰਦੇ ਹੋਣ ਕਿਉਂਕਿ ਏਦਾਂ ਭੱਜੀਆਂ ਕੁੜੀਆਂ ਉਹਨਾਂ ਦੇ ਰਾਜ ਖੋਲ ਸਕਦੀਆਂ ਸਨ |

ਇਸ ਲਈ ਉਹ ਟੁੱਟਵੀਆਂ ਬੱਸਾਂ ਲੈਂਦਾ ਜਾਣ ਕੇ ਗੁਹਾਟੀ ਵੱਲ ਦੀ ਵਲ ਪਾ ਕੇ ਸਾਬਰੀ ਨੂੰ ਦਾਰਜਲਿੰਗ ਲੈ ਗਿਆ। ਬੇਸ਼ੱਕ ਘਰ
ਪਹੁੰਚਣ ਚ ਉਹਨਾਂ ਨੂੰ ਇੱਕ ਮਹੀਨਾ ਲੱਗ ਗਿਆ ਪਰ ਉਹ ਪਹੁੰਚ ਗਏ ।

ਅਰਮਾਨ ਸਾਬਰੀ ਨੂੰ ਉਹਦੇ ਘਰਦੇ ਬੂਹੇ ਅੱਗੇ ਛੱਡ ਕੇ ਵਾਪਸ ਚਲਾ ਗਿਆ |

ਸਾਬਰੀ ਨੇ ਹਲੇ ਬੂਹੇ ਅੰਦਰ ਪੈਰ ਧਰਿਆ ਹੀ ਸੀ ਕੇ ਉਹਦੇ ਕੰਨੀ ਵੀਰ ਬਹਾਦਰ ਦੀ ਕੜਕਵੀਂ ਆਵਾਜ਼ ਪਈ।

ਸਾਬਰੀ ਇੱਥੇ ਹੀ ਰੁਕ ਜਾ, ਇਸ ਤੋਂ ਅੱਗੇ ਨਾ ਆਵੀਂ। ਕਿਹੜੇ ਮੂੰਹ ਨਾਲ ਆਈਂ ਏਂ ਇਸ ਘਰ 'ਚ । ਸਾਡੀ ਕੀ ਇੱਜ਼ਤ ਰਹੂ ਸਮਾਜ ਚ।
ਕੀ ਕਹਿਣਗੇ ਲੋਕ!
ਔਹ ਜਾਂਦਾ, ਸਾਬਰੀ ਹੀਰ ਦਾ ਪਿਓ ਵੀਰ ਬਹਾਦਰ।

ਪਰ.. ਪਰ.. ਪਾਪਾ ਮੈਂ ਆਪਣੀ ਮਰਜ਼ੀ ਨਾਲ ਉੱਥੇ ਨਹੀਂ ਗਈ ਸੀ। ਮੈਨੂੰ ਉੱਥੇ ਵੇਚ ਦਿੱਤਾ ਗਿਆ ਸੀ ਪਾਪਾ, ਮੈਨੂੰ ਵੇਚ ਦਿੱਤਾ ਗਿਆ ਸੀ, ਸਾਬਰੀ ਨੇ ਰੋਣਾ ਸ਼ੁਰੂ ਕਰ ਦਿੱਤਾ।

ਪਰ ਜੋ ਵੀ ਹੋਇਆ ਬਾਹਰ ਜਾਣ ਦੀ ਜ਼ਿੱਦ ਵੀ ਤਾਂ ਤੇਰੀ ਹੀ ਸੀ।
ਤੇਰੀ ਮਾਂ ਨੇ ਉਦੋਂ ਵੀ ਕਿਹਾ ਸੀ, "ਕਿ ਧੀਏ ! ਇਹ ਦੁਨੀਆਂ ਬਹੁਤ ਚਲਾਕ ਆ, ਤੂੰ ਆਂ ਭੋਲੀ, ਪਰ ਤੈਨੂੰ ਫੈਸ਼ਨ ਡਜ਼ਾਈਨਰ ਤੇ ਮਾਡਲ ਬਣਨ ਦਾ ਚਾਅ ਚੜ੍ਹਿਆ ਸੀ।"

ਸਾਬਰੀ ਦਾ ਰੋਣਾ ਰੁੱਕ ਨਹੀਂ ਸੀ ਰਿਹਾ ਉਹ ਰੋਂਦੇ ਅੰਦਾਜ਼ ਚ ਹੀ ਬੋਲੀ,,ਪਰ ਪਾਪਾ, ਕੀ ਕੁੜੀਆਂ ਨੂੰ ਸੁਪਨੇ ਦੇਖਣੇ ਗੁਨਾਹ ਹੁੰਦੇ ਆ ? ਪਾਪਾ ਮੇਰੇ ਵੀ ਸੁਪਨੇ ਸੀ ਕਿ ਮੇਰੀ ਖੁਦ ਦੀ ਪਹਿਚਾਣ ਹੋਵੇ। ਜੇ ਪਾਪਾ ਜੀਣ ਦੇ ਸੁਪਨੇ ਦੇਖ ਲਏ ,ਕੀ ਗੁਨਾਹ ਕਰ ਲਿਆ ਮੈਂ?

ਔਰਤਾਂ ਸਿਰਫ਼ ਵਿਆਹ ਕਰਾ ਕੇ ਬੱਚੇ ਪੈਦਾ ਕਰਨ ਲਈ ਨਹੀਂ ਹੁੰਦੀਆਂ। ਉਹਨਾਂ ਦੇ ਵੀ ਚਾਅ ਤੇ ਰੀਝਾਂ ਹੁੰਦੇ ਆ "ਪਾਪਾ" |
ਜੇ ਲੋਕ ਮੇਰੇ ਸੁਪਨਿਆਂ ਦਾ ਗਲ੍ਹਾ ਘੁੱਟ ਦੇਣ, ਮਸਲ ਦੇਣ ਪੈਰਾਂ ਥੱਲੇ ਮੇਰੇ ਸੁਪਨਿਆਂ ਦੀ ਟਾਹਣੀ ਤੇ ਲੱਗੇ ਫ਼ੁੱਲ ਨੂੰ ਖਿੜਨ ਲੱਗੇ ਨੂੰ ਹੀ,
ਤਾਂ ਮੇਰਾ ਕੀ ਕਸੂਰ ਆ ?"ਪਾਪਾ"!
ਮੇਰਾ ਕਸੂਰ ਤਾਂ ਦੱਸੋ..? ਸਾਬਰੀ ਦਾ ਰੋਣ ਹੌਕਿਆਂ ਵਿੱਚ ਬਦਲ ਗਿਆ |

ਭਾਵਰੂਪਾ ਦੇ ਕੰਨੀ ਜਦ ਆਪਣੀ ਧੀ ਸਾਬਰੀ ਦੇ ਬੋਲ ਪਏ ਉਹ ਭੱਜੀ ਆਈ |
ਜਦ ਹਵਾ ਦੇ ਇੱਕ ਬੁੱਲ੍ਹੇ ਨੇ ਸਾਬਰੀ ਦੇ ਢਿੱਡ ਤੇ ਲਈ ਚੁੰਨੀ ਪਾਸੇ ਕੀਤੀ ਤਾਂ ਭਾਵਰੂਪਾ ਦੇ ਅੱਗੇ ਵਧਦੇ ਪੈਰ ਇੱਕੋ ਥਾਂ ਜੰਮ ਗਏ,ਉਹਦੇ ਤੋਂ ਕਦਮ ਵੀ ਅੱਗੇ ਨਾ ਪੱਟਿਆ ਗਿਆ |

ਕਿਉਂਕਿ ਸਾਬਰੀ ਦਾ ਪੇਟ ਬਾਹਰ ਨਿਕਲਿਆ ਹੋਇਆ ਸੀ,, ਜਿਸ ਵਿੱਚ ਸੱਤ ਮਹੀਨੇ ਦਾ ਇੱਕ ਪਾਪ ਪਲ ਰਿਹਾ ਸੀ,,
ਐਸਾ ਪਾਪ ਜਿਸ ਨੇ ਭਾਵਰੂਪਾ ਤੇ ਵੀਰ ਬਹਾਦਰ ਨੂੰ ਸਮਾਜ ਚ ਮੂੰਹ ਦਿਖਾਉਣ ਜੋਗਾ ਨਹੀਂ ਸੀ ਛੱਡਿਆ |

ਮਾਂ ਤੈਨੂੰ ਤਾਂ ਮੇਰੀ ਆਵਾਜ਼ ਸੁਣੇ ਬਿਨ੍ਹਾਂ ਨੀਂਦ ਨਹੀਂ ਸੀ ਆਉਂਦੀ ਅੱਜ ਤੇਰੇ ਪੈਰ ਕਿਉਂ ਰੁਕ ਗਏ.? ਸਾਬਰੀ ਨੇ ਮਾਂ ਵੱਲ ਤੱਕਦਿਆਂ ਪੁੱਛਿਆ |

ਭਾਵਾਰੂਪਾ ਦੇ ਸਾਰੇ ਸ਼ਬਦ ਅੰਦਰ ਹੀ ਮਰ ਗਏ ਉਹਨੇ ਭਰੀਆਂ ਅੱਖਾਂ ਨਾਲ ਨਾਂਹ ਵਿੱਚ ਸਿਰ ਹਲਾ ਦਿੱਤਾ |

ਠੀਕ ਆ ਮਾਂ ਨਹੀਂ ਪਾਵਾਂਗੀ ਅੱਜ ਤੋਂ ਬਾਅਦ ਤੇਰੇ ਘਰ ਕਦੇ ਪੈਰ, ਨਹੀਂ ਆਵਾਂਗੀ ਪਾਪਾ ਦੁਬਾਰਾ ਕਦੇ ਤੇਰੇ ਸ਼ਹਿਰ, ਏਨਾ ਆਖ ਕੇ ਸਾਬਰੀ ਘਰੋਂ ਨਿਕਲ ਗਈ।

ਉਹ ਇੱਕ ਪਹਾੜੀ ਤੇ ਖੜੀ ਸੀ ਮੌਤ ਉਹਦੇ ਤੋਂ ਇੱਕ ਕਦਮ ਦੀ ਦੂਰੀ ਤੇ ਸੀ। ਉਹਨੇ ਇੱਕ ਕਦਮ ਪੱਟਿਆ ਹੀ ਸੀ ਕੇ ਅਰਮਾਨ ਨੇ ਆ ਕੇ ਉਹਨੂੰ ਸੀਨੇ ਲਾ ਲਿਆ ਸੀ ਤੇ ਆਪਣੇ ਘਰ ਲੈ ਗਿਆ ਸੀ।
ਪਰ ਅਰਮਾਨ ਦੇ ਸਾਹਮਣੇ ਹੀ ਉਹਦੇ ਮਾਂ ਪਿਓ ਨੇ ਤਾਰਿਆਂ ਦੀ ਛਾਵੇਂ ਸਾਬਰੀ ਨੂੰ ਘਰੋਂ ਕੱਢ ਦਿੱਤਾ ਸੀ, ਦੁੱਖ ਝੱਲਦੀ ਮਾਲਤੀ ਦੇਵੀ ਕੋਲ ਪਹੁੰਚੀ ਸੀ, ਰਾਹੁਲ ਦੁਨੀਆਂ ਤੇ ਆਇਆ ਤੇ ਆ ਕੇ ਚਲਾ ਗਿਆ,,ਫ਼ੇਰ ਤੁਰ ਪਈ ਸੀ ਉਹ ਕਿਸੇ ਭਿਕਸ਼ੂ ਦੇ ਕਹਿਣ ਤੇ ਸੰਸਾਰ ਤੋਂ ਨਿਰੰਕਾਰ ਦੇ ਰਾਹ |

ਆਪਣਾ ਲਿਆ ਸੀ ਉਹਨੇ ਮੋਕਸ਼ ਦਾ ਰਾਹ,,

ਹਲਕੀ - ਹਲਕੀ ਬਾਰਿਸ਼ ਸ਼ੁਰੂ ਹੋ ਗਈ ਸੀ,, ਪਾਣੀ ਦੀਆਂ ਬੂੰਦਾਂ ਪੈਣ ਨਾਲ,ਉਹ ਯਾਦਾਂ ਚੋਂ ਬਾਹਰ ਆਈ,,

ਉਹ ਮੈਕਲੋਡਗੰਜ ਇੱਕ ਪੱਥਰ ਤੇ ਬੈਠੀ ਸੀ,, ਹੁਣ ਓਹਦਾ ਕਿਸੇ ਨਾਲ ਕੋਈ ਰਿਸ਼ਤਾਨਾਤਾ ਨਹੀਂ ਸੀ। ਹੁਣ ਉਹਨੂੰ ਫ਼ਰਕ ਨਹੀਂ ਸੀ ਪੈਂਦਾ ਕਿਸੇ ਦੇ ਕੁੱਝ ਕਹਿਣ ਨਾਲ, ਉਹ ਤਿਆਗ ਚੁੱਕੀ ਸੀ ਰਿਸ਼ਤਿਆਂ ਨੂੰ | ਉਹ ਉੱਠੀ ਉਹਨੇ ਛੱਤਰੀ ਖੋਲੀ ਤੇ ਮੋਢੇ ਬਗਲੀ ਪਾ ਕੇ ਕੁੱਝ ਮੰਗਣ ਲਈ ਬਜ਼ਾਰ ਚ ਨਿਕਲ ਗਈ |
ਓਹਦਾ ਅਤੀਤ ਬਹੁਤ ਹੀ ਪਿੱਛੇ ਰਹਿ ਚੁੱਕਿਆ ਸੀ, ਜੋ ਕਦੇ ਇਸ ਰਾਹ ਤੇ ਆ ਹੀ ਨਹੀਂ ਸੀ

ਸਕਦਾ ।

**ⓧⓧ ਸਮਾਪਤ ⓧⓧ**

# ਸਾਬਰੀ ਹੀਰ

ਬੇਅੰਤ ਬਰੀਵਾਲਾ




+91 9041847077 Beantbariwala

bean22g@gmail.com